Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 270 13/01/2025 www.samajweekly.com samajweekly @samajweekly samajweekly

# ਸੰਯੁਕਤ ਕਿਸਾਨ ਮੋਰਚੇ ਵੱਲੋਂ ਗਣਤੰਤਰ ਦਿਵਸ ਮੌਕੇ ਟਰੈਕਟਰ ਮਾਰਚ ਦਾ ਐਲਾਨ

**ਨਵੀਂ ਦਿੱਲੀ।** ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਨੇ 26 ਜਨਵਰੀ ਨੂੰ ਦੇਸ਼ ਭਰ ਵਿੱਚ ਟਰੈਕਟਰ ਮਾਰਚ ਦਾ ਸੱਦਾ ਦਿੱਤਾ ਹੈ ਅਤੇ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਾਨਾਂ ਨਾਲ ਉਨ੍ਹਾਂ ਦੀਆਂ ਮੰਗਾਂ ’ਤੇ ਗੱਲਬਾਤ ਕਰਨ। ਸੰਯੁਕਤ ਕਿਸਾਨ ਮੋਰਚਾ ਦਾ ਇਹ ਬਿਆਨ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਸਬੰਧੀ ਵਧਦੀਆਂ ਚਿੰਤਾਵਾਂ ਦਰਮਿਆਨ ਆਇਆ ਹੈ, ਜੋ ਪਿਛਲੇ 48 ਦਿਨਾਂ ਤੋਂ ਮਰਨ ਵਰਤ ’ਤੇ ਹਨ।




ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਕਨਵੀਨਰ ਜਗਜੀਤ ਸਿੰਘ ਡੱਲੇਵਾਲ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਸਣੇ ਕਿਸਾਨ ਦੀਆਂ ਵੱਖ-ਵੱਖ ਮੰਗਾਂ ਮੰਨਵਾਉਣ ਲਈ ਪਿਛਲੇ ਸਾਲ 26 ਨਵੰਬਰ ਤੋਂ ਪੰਜਾਬ ਅਤੇ ਹਰਿਆਣਾ ਦੀ ਖਨੌਰੀ ਸਰਹੱਦ ’ਤੇ ਭੁੱਖ ਹੜਤਾਲ ’ਤੇ ਹਨ।

ਸੰਯੁਕਤ ਕਿਸਾਨ ਮੋਰਚੇ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਐਲਾਨ ਕੀਤਾ ਕਿ ਐੱਮਐੱਸਪੀ ਅਤੇ ਖੇਤੀ ਮੰਡੀਕਰਨ ’ਤੇ ਕੌਮੀ ਨੀਤੀ ਖਰੜੇ ਖ਼ਤਮ ਕਰਨ ਸਣੇ ਮੰਗਾਂ ’ਤੇ ਸਾਂਝੇ ਸੰਘਰਸ਼ ਲਈ ਸੋਮਵਾਰ ਨੂੰ ਮੀਟਿੰਗ ਕੀਤੀ ਜਾਵੇਗੀ। ਐੱਸਕੇਐੱਮ ਨੇ ਬਿਆਨ ’ਚ ਕਿਹਾ, ‘‘ਐੱਸਕੇਐੱਮ ਨੇ ਕਿਸਾਨਾਂ ਨੂੰ 26 ਜਨਵਰੀ ਨੂੰ 76ਵੇਂ ਗਣਤੰਤਰ ਦਿਵਸ ’ਤੇ ਦੇਸ਼ ਭਰ ’ਚ ਜ਼ਿਲ੍ਹਾ ਅਤੇ ਤਹਿਸੀਲ ਪੱਧਰ ’ਤੇ ਟਰੈਕਟਰ, ਗੱਡੀਆਂ, ਮੋਟਰਸਾਈਕਲ ਮਾਰਚ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।’’ ਐੱਸਕੇਐੱਮ ਨੇ ਕਿਹਾ, ‘‘ਕਿਸਾਨ ਇਨ੍ਹਾਂ ਮੰਗਾਂ ਨੂੰ ਲੈ ਕੇ ਮਾਰਚ ਕਰਨਗੇ ਕਿ ਪ੍ਰਧਾਨ ਮੰਤਰੀ ਤੁਰੰਤ ਕਿਸਾਨਾਂ ਦੇ ਮੁੱਦਿਆਂ ’ਤੇ ਸਾਰੀਆਂ ਕਿਸਾਨ ਜਥੇਬੰਦੀਆਂ ਨਾਲ ਚਰਚਾ ਲਈ ਮੀਟਿੰਗ ਸੱਦਣ ਅਤੇ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ।’’

## ਉੱਤਰਾਖੰਡ: ਪੌੜੀ ’ਚ ਸੜਕ ਹਾਦਸੇ ’ਚ 5 ਲੋਕਾਂ ਦੀ ਮੌਤ, 17 ਜ਼ਖਮੀ

**ਦੇਹਰਾਦੂਨ ।** ਉਤਰਾਖੰਡ ਦੇ ਪੌੜੀ ਜ਼ਿਲ੍ਹੇ ਦੇ ਸ਼੍ਰੀਨਗਰ ਇਲ-ਾਕੇ ’ਚ ਐਤਵਾਰ ਨੂੰ ਇਕ ਬੱਸ ਦੇ ਖੱਡ ’ਚ ਡਿੱਗਣ ਨਾਲ 5 ਲੋਕਾਂ ਦੀ ਮੌਤ ਹੋ ਗਈ ਅਤੇ 17 ਹੋਰ ਜ਼ਖਮੀ ਹੋ ਗਏ। ਸੂਬਾ ਬਿਪਤਾ ਕਾਰਵਾਈ ਫੋਰਸ (ਐੱਸ.ਡੀ.ਆਰ.ਐੱਫ.) ਤੋਂ ਮਿਲੀ ਜਾਣਕਾਰੀ ਮੁਤਾਬਕ ਇਹ ਹਾਦਸਾ ਦਹਲਚੌਰੀ ਨੇੜੇ ਵਾਪਰਿਆ, ਜਿੱਥੇ ਬੱਸ ਕੰਟਰੋਲ ਗੁਆ ਬੈਠੀ ਅਤੇ ਸੜਕ ਤੋਂ 100 ਮੀਟਰ ਹੇਠਾਂ ਖੱਡ ’ਚ ਡਿੱਗ ਗਈ। ਬੱਸ ਪੌੜੀ ਤੋਂ ਦਹਲਚੌਰੀ ਜਾ ਰਹੀ ਸੀ ਜਦੋਂ ਇਹ ਹਾਦਸਾ ਵਾਪਰਿਆ ਅਤੇ ਇਸ ’ਚ 22 ਲੋਕ ਸਵਾਰ ਸਨ।ਚਾਰ ਵਿਅਕਤੀਆਂ ਦੀ ਮੌਕੇ ’ਤੇ ਹੀ ਮੌਤ ਹੋ ਗਈ ਜਦਕਿ ਇਕ ਹੋਰ ਨੇ ਬਾਅਦ ਵਿਚ ਦਮ ਤੋੜ ਦਿਤਾ। ਸਥਾਨਕ ਲੋਕਾਂ ਨੇ ਵੀ ਹਾਦਸੇ ਤੋਂ ਬਾਅਦ ਬਚਾਅ ਕਾਰਜਾਂ ’ਚ ਮਦਦ ਕੀਤੀ ਅਤੇ ਜ਼ਖਮੀਆਂ ਨੂੰ ਬਾਹਰ ਕੱਢ ਕੇ ਪੌੜੀ ਦੇ ਜ਼ਿਲ੍ਹਾ ਹਸਪਤਾਲ ਭੇਜਿਆ ਗਿਆ। ਜ਼ਖਮੀਆਂ ਵਿਚੋਂ ਅੱਠ ਨੂੰ ਉੱਚ ਸਿਹਤ ਕੇਂਦਰ ਸ਼੍ਰੀਨਗਰ ਰੈਫਰ ਕਰ ਦਿਤਾ ਗਿਆ ਹੈ ਕਿਉਂਕਿ ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਪੌੜੀ ਦੇ ਜ਼ਿਲ੍ਹਾ ਮੈਜਿਸਟਰੇਟ ਡਾਕਟਰ ਆਸ਼ੀਸ਼ ਚੌਹਾਨ ਮੌਕੇ ’ਤੇ ਪਹੁੰਚੇ ਅਤੇ ਅਪਣੀ ਨਿਗਰਾਨੀ ਹੇਠ ਬਚਾਅ ਕਾਰਜ ਕੀਤਾ। ਉਨ੍ਹਾਂ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੂੰ ਹਾਦਸੇ ਦੇ ਕਾਰਨਾਂ ਦੀ ਜਾਂਚ ਕਰਨ ਦੇ ਹੁਕਮ ਦਿਤੇ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਹਾਦਸੇ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਹਾਦਸੇ ’ਚ ਮਾਰੇ ਗਏ ਲੋਕਾਂ ਦੇ ਪਰਵਾਰਾਂ ਨੂੰ ਇਸ ਘਾਟੇ ਨੂੰ ਸਹਿਣ ਕਰਨ ਦੀ ਤਾਕਤ ਦੇਵੇ।

## ਮਨੀਪੁਰ ’ਚ ਭੀੜ ਦੀ ਹਿੰਸਾ ਤੋਂ ਬਾਅਦ ਅਸਾਮ ਰਾਈਫਲਜ਼ ਨੇ ਕੈਂਪ ਖਾਲੀ ਕੀਤਾ

**ਇੰਫਾਲ** : ਮਨੀਪੁਰ ਦੇ ਕਾਮਜੋਂਗ ਜ਼ਿਲ੍ਹੇ ’ਚ ਗੁੱਸੇ ’ਚ ਆਈ ਭੀੜ ਵਲੋਂ ਅਸਾਮ ਰਾਈਫਲਜ਼ ਦੇ ਅਸਥਾਈ ਕੈਂਪ ’ਚ ਭੰਨਤੋੜ ਕੀਤੇ ਜਾਣ ਦੇ ਇਕ ਦਿਨ ਬਾਅਦ ਨੀਮ ਫ਼ੌਜੀ ਬਲਾਂ ਦੇ ਜਵਾਨਾਂ ਨੇ ਐਤਵਾਰ ਨੂੰ ਕੈਂਪ ਖਾਲੀ ਕਰ ਦਿਤਾ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿਤੀ। ਸਨਿਚਰਵਾਰ ਨੂੰ ਭੀੜ ਨੇ ਹਾਂਗਬੇਈ ਪਿੰਡ ’ਚ ਕੈਂਪ ’ਤੇ ਹਮਲਾ ਕਰ ਦਿਤਾ ਅਤੇ ਲੱਕੜ ਦੀ ਢੋਆ-ਢੁਆਈ ’ਤੇ ਪਾਬੰਦੀ ਨੂੰ ਲੈ ਕੇ ਕੈਂਪ ਨੂੰ ਤਬਾਹ ਕਰ ਦਿਤਾ। ਇਕ ਅਧਿਕਾਰੀ ਨੇ ਦਸਿਆ ਕਿ ਐਤਵਾਰ ਨੂੰ ਹੋਈ ਬੈਠਕ ਦੌਰਾਨ ਦੋਹਾਂ ਧਿਰਾਂ ਵਿਚਾਲੇ ਸਮਝੌਤਾ ਹੋ ਗਿਆ। ਮੀਟਿੰਗ ’ਚ ਤੰਗਖੁਲ ਨਾਗਾ ਸਿਟੀਜ਼ਨ ਗਰੁੱਪ ਅਤੇ ਅਸਾਮ ਰਾਈਫਲਜ਼ ਦੇ ਨੁਮਾਇੰਦਿਆਂ ਤੋਂ ਇਲਾਵਾ ਕਾਮਜੋਂਗ ਜ਼ਿਲ੍ਹੇ ਦੇ ਪੁਲਿਸ ਸੁਪਰਡੈਂਟ ਅਤੇ ਡਿਪਟੀ ਕਮਿਸ਼ਨਰ ਨੇ ਹਿੱਸਾ ਲਿਆ।



ਅਧਿਕਾਰੀ ਨੇ ਕਿਹਾ, ‘‘ਸਥਿਤੀ ਸ਼ਾਂਤੀਪੂਰਨ ਹੈ ਅਤੇ ਐਤਵਾਰ ਨੂੰ ਕਿਸੇ ਅਣਸੁਖਾਵੀਂ ਘਟਨਾ ਦੀ ਖ਼ਬਰ ਨਹੀਂ ਹੈ।’’ ਅਸਾਮ ਰਾਈਫਲਜ਼ ਨੇ ਹਾਂਗਬੇਈ ਵਿਚ ਇਕ ਚੌਕੀ ਸਥਾਪਤ ਕੀਤੀ ਸੀ ਅਤੇ ਇਕ ਅਸਥਾਈ ਕੈਂਪ ਬਣਾਇਆ ਸੀ, ਜਿਸ ਤੋਂ ਬਾਅਦ ਗੁਆਂਢੀ ਪਿੰਡਾਂ ਦੇ ਵਸਨੀਕਾਂ ਨੇ ਅਰਧ ਸੈਨਿਕ ਬਲ ’ਤੇ ਉਨ੍ਹਾਂ ਦੀ ਆਵਾਜਾਈ ਨੂੰ ਪਰੇਸ਼ਾਨ ਕਰਨ ਅਤੇ ਸੀਮਤ ਕਰਨ ਦਾ ਦੋਸ਼ ਲਾਇਆ ਸੀ। ਨਾਗਾ ਬਹੁਗਿਣਤੀ ਜ਼ਿਲ੍ਹੇ ਦੇ ਕਾਸੋਮ ਖੁਲੇਨ ਬਲਾਕ ਦੇ ਪਿੰਡ ਵਾਸੀਆਂ ਨੇ ਸਨਿਚਰਵਾਰ ਨੂੰ ਅਸਾਮ ਰਾਈਫਲਜ਼ ਦੇ ਇਕ ਅਸਥਾਈ ਕੈਂਪ ’ਤੇ ਹਮਲਾ ਕੀਤਾ ਅਤੇ ਉਸ ਨੂੰ ਢਾਹ ਦਿਤਾ। ਜਦਕਿ ਅਸਾਮ ਰਾਈਫਲਜ਼ ਨੇ ਕਿਹਾ ਕਿ 11 ਜਨਵਰੀ ਨੂੰ ਹਾਂਗਬੇਈ ’ਚ ਇਕ ਚੌਕੀ ’ਤੇ ਤਾਇਨਾਤ ਅਸਾਮ ਰਾਈਫਲਜ਼ ਦੇ ਜਵਾਨਾਂ ਨੇ ਇਕ ਗੱਡੀ ਦੀ ਜਾਂਚ ਕੀਤੀ ਅਤੇ ਪਾਇਆ ਕਿ ਲੱਕੜ ਨਾਲ ਭਰੇ ਵਾਹਨ ’ਚ ਲਾਜ਼ਮੀ ਦਸਤਾਵੇਜ਼ ਨਹੀਂ ਸਨ। ਪ੍ਰਕਿਰਿਆ ਦੀ ਪਾਲਣਾ ਕਰਦਿਆਂ ਅਸਾਮ ਰਾਈਫਲਜ਼ ਦੇ ਜਵਾਨਾਂ ਨੇ ਗੱਡੀ ਨੂੰ ਰੋਕਿਆ। ਨੀਮ ਫ਼ੌਜੀ ਬਲ ਨੇ ਦੋਸ਼ ਲਾਇਆ ਕਿ ਸ਼ਰਾਰਤੀ ਅਨਸਰਾਂ ਨੇ ਸਥਾਨਕ ਲੋਕਾਂ ਨੂੰ ਆਸਾਮ ਰਾਈਫਲਜ਼ ਦੇ ਜਵਾਨਾਂ ’ਤੇ ਗੱਡੀਆਂ ਛੱਡਣ ਲਈ ਦਬਾਅ ਪਾਉਣ ਲਈ ਉਕਸਾਇਆ। ਅਸਾਮ ਰਾਈਫਲਜ਼ ਨੇ ਦਾਅਵਾ ਕੀਤਾ ਕਿ ਭੀੜ ਹਿੰਸਕ ਹੋ ਗਈ, ਜਿਸ ਤੋਂ ਬਾਅਦ ਜਵਾਨਾਂ ਨੇ ਉਚਿਤ ਅਤੇ ਜ਼ਰੂਰੀ ਕਾਰਵਾਈ ਕੀਤੀ। ਅਸਾਮ ਰਾਈਫਲਜ਼ ਦੇ ਜਵਾਨਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਹਵਾ ਵਿਚ ਗੋਲੀਆਂ ਚਲਾਈਆਂ। ਇਸ ਹਾਦਸੇ ’ਚ ਕਿਸੇ ਦੇ ਜ਼ਖਮੀ ਹੋਣ ਦੀ ਖਬਰ ਨਹੀਂ ਹੈ।

ਅਸਾਮ ਰਾਈਫਲਜ਼ ਮਨੀਪੁਰ ਦੇ ਵੱਖ-ਵੱਖ ਖੇਤਰਾਂ ’ਚ ਤਾਇਨ-ਾਤ ਕੇਂਦਰੀ ਬਲਾਂ ’ਚੋਂ ਇਕ ਹੈ। ਮਈ 2023 ਤੋਂ ਲੈ ਕੇ ਹੁਣ ਤਕ ਸੂਬੇ ਵਿਚ ਕੁਕੀ ਅਤੇ ਮੇਈਤੇਈ ਭਾਈਚਾਰਿਆਂ ਵਿਚਾਲੇ ਨਸਲੀ ਹਿੰਸਾ ਵਿਚ 250 ਤੋਂ ਵੱਧ ਲੋਕ ਮਾਰੇ ਗਏ ਸਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਸਨ।

# ਸ੍ਰੀ ਮੁਕਤਸਰ ਸਾਹਿਬ ਵਿਚ ਐਨਕਾਊਂਟਰ, ਪੁਲਿਸ ਤੇ ਮੁਲਜ਼ਮਾਂ ਵਿਚਾਲੇ ਮੁਕਾਬਲਾ

**ਸ੍ਰੀ ਮੁਕਤਸਰ ਸਾਹਿਬ।** ਸ੍ਰੀ ਮੁਕਤਸਰ ਸਾਹਿਬ 'ਚ ਪੁਲਿਸ ਅਤੇ ਬਦਮਾਸ਼ਾਂ ਵਿਚਾਲੇ ਮੁਕ-ਾਬਲਾ ਹੋਇਆ। ਕਰਾਸ ਫਾਇਰਿੰਗ 'ਚ ਗੋਲੀ ਚੱਲਣ ਕਾਰਨ ਇਕ ਵਿਅਕਤੀ ਜ਼ਖ਼ਮੀ ਹੋ ਗਿਆ ਹੈ। ਮੁਲਜ਼ਮਾਂ ਨੇ ਲਾਰੈਂਸ ਗੈਂਗ ਦੇ ਨਾਂ 'ਤੇ ਇਕ ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ। ਮੌਕੇ 'ਤੇ ਪਹੁੰਚੀ ਪੁਲਿਸ ਨੇ ਤਿੰਨ ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਘਟਨਾ ਬੀਤੀ ਰਾਤ 11 ਵਜੇ ਦੇ ਕਰੀਬ ਸ੍ਰੀ ਮੁਕਤਸਰ ਸਾਹਿਬ-ਫਿਰੋਜ਼ਪੁਰ ਰੋਡ 'ਤੇ ਪਿੰਡ ਲੁਬਾਣਿਆਵਾਲੀ ਕੋਲ ਮੀਂਹ ਦੌਰਾਨ ਵਾਪਰੀ। ਜਾਣਕਾਰੀ ਅਨੁਸਾਰ ਪਿੰਡ ਰੁਪਾਣਾ ਸਥਿਤ ਇਕ ਮਿੱਲ ਦੇ ਠੇਕੇਦਾਰ ਨੂੰ ਫੋਨ 'ਤੇ ਧਮਕੀਆਂ ਦਿੱਤੀਆਂ ਗਈਆਂ ਅਤੇ 1 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ। ਮੁਲਜ਼ਮਾਂ ਨੇ ਆਪਣੇ ਆਪ ਨੂੰ



ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਦੱਸਿਆ ਸੀ। ਠੇਕੇਦਾਰ ਦੀ ਸ਼ਿਕਾਇਤ 'ਤੇ ਪੁਲਿਸ ਨੇ ਯੋਜਨਾ ਬਣਾ ਕੇ 15 ਲੱਖ ਰੁਪਏ ਦੀ ਜਬਰੀ ਵਸੂਲ ਦੇਣ ਦੀ ਸਲਾਹ ਬਣਾਈ। ਜਦੋਂ ਮੁਲਜ਼ਮ ਪੈਸੇ ਲੈਣ ਲਈ ਮੋਟਰਸਾਈਕਲ 'ਤੇ ਪੁੱਜੇ ਤਾਂ ਉਨ੍ਹਾਂ ਨੂੰ ਪੁਲਿਸ ਦੀ ਮੌਜੂਦਗੀ ਦਾ ਪਤਾ ਲੱਗ ਗਿਆ। ਇਸ ਦੌਰਾਨ ਇਕ ਦੋਸ਼ੀ ਨੇ ਪੁਲਿਸ 'ਤੇ ਗੋਲੀ ਚਲਾ ਦਿੱਤੀ। ਕਰਾਸ ਫ਼ਾਇਰਿੰਗ ਵਿੱਚ ਸੁਖਮੰਦਰ ਸਿੰਘ ਜ਼ਖ਼ਮੀ ਹੋ ਗਿਆ ਉਸ ਦੇ ਸਾਥੀ ਲਖਵੀਰ ਸਿੰਘ ਅਤੇ ਸਰਵਣ ਸਿੰਘ ਨੂੰ ਵੀ ਮੌਕੇ 'ਤੇ ਕਾਬੂ ਕਰ ਲਿਆ ਗਿਆ। ਜ਼ਖ਼ਮੀ ਮੁਲਜ਼ਮ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਐਨਕਾਊਂਟਰ ਦੀ ਸੂਚਨਾ ਮਿਲਦੇ ਹੀ ਐਸਐਸਪੀ ਤੁਸ਼ਾਰ ਗੁਪਤਾ ਮੌਕੇ 'ਤੇ ਪਹੁੰਚ ਗਏ।

## ਛੱਤੀਸਗੜ੍ਹ ਦੇ ਬੀਜਾਪੁਰ 'ਚ ਸੁਰੱਖਿਆ ਬਲਾਂ ਨਾਲ ਮੁਕਾਬਲੇ 'ਚ 3 ਨਕਸਲੀ ਹਲਾਕ



**ਬੀਜਾਪੁਰ ।** ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ 'ਚ ਐਤਵਾਰ ਨੂੰ ਸੁਰੱਖਿਆ ਬਲਾਂ ਨਾਲ ਮੁਕਾਬਲੇ 'ਚ ਤਿੰਨ ਨਕਸਲੀ ਮਾਰੇ ਗਏ। ਬਸਤਰ ਖੇਤਰ ਦੇ ਪੁਲਿਸ ਇੰਸਪੈਕਟਰ ਜਨਰਲ (ਆਈ.ਜੀ.ਪੀ.) ਸੁੰਦਰਰਾਜ ਪੀ. ਨੇ ਦਸਿਆ ਕਿ ਨਕਸਲ ਵਿਰੋਧੀ ਮੁਹਿੰਮ 'ਤੇ ਗਈ ਸੁਰੱਖਿਆ ਕਰਮਚਾਰੀਆਂ ਦੀ ਇਕ ਸਾਂਝੀ ਟੀਮ ਨੇ ਸਵੇਰੇ ਇੰਦਰਾਵਤੀ ਨੈਸ਼ਨਲ ਪਾਰਕ ਖੇਤਰ ਦੇ ਜੰਗਲ 'ਚ ਨਕਸਲੀਆਂ ਦਾ ਸਾਹਮਣਾ ਕੀਤਾ। ਉਨ੍ਹਾਂ ਦਸਿਆ ਕਿ ਇਸ ਮੁਹਿੰਮ 'ਚ ਜ਼ਿਲ੍ਹਾ ਰਿਜ਼ਰਵ ਗਾਰਡ (ਡੀ.ਆਰ.ਜੀ.), ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਅਤੇ ਜ਼ਿਲ੍ਹਾ ਫੋਰਸ ਦੇ ਜਵਾਨ ਸ਼ਾਮਲ ਸਨ। ਅਧਿਕਾਰੀ ਨੇ ਦਸਿਆ ਕਿ ਰੁਕ-ਰੁਕ ਕੇ ਗੋਲੀਬਾਰੀ ਰੁਕਣ ਤੋਂ ਬਾਅਦ ਮੌਕੇ ਤੋਂ ਤਿੰਨ ਵਰਦੀਧਾਰੀ ਨਕਸਲੀਆਂ ਦੀਆਂ ਲਾਸ਼ਾਂ, ਆਟੋਮੈਟਿਕ ਹਥਿਆਰ ਅਤੇ ਵਿਸਫੋਟਕ ਬਰਾਮਦ ਕੀਤੇ ਗਏ। ਉਨ੍ਹਾਂ ਕਿਹਾ ਕਿ ਇਲਾਕੇ 'ਚ ਤਲਾਸ਼ੀ ਮੁਹਿੰਮ ਅਜੇ ਵੀ ਜਾਰੀ ਹੈ। ਇਸ ਦੇ ਨਾਲ ਹੀ ਇਸ ਸਾਲ ਹੁਣ ਤਕ ਸੂਬੇ 'ਚ ਵੱਖ-ਵੱਖ ਮੁਕਾਬਲਿਆਂ 'ਚ 12 ਨਕਸਲੀ ਮਾਰੇ ਜਾ ਚੁਕੇ ਹਨ।

## ਤਰਨਤਾਰਨ 'ਚ ਆੜ੍ਹਤੀਏ ਦਾ ਗੋਲੀਆਂ ਮਾਰ ਕੇ ਕਤਲ, ਭੱਜੇ ਮੁਲਜ਼ਮਾਂ ਦਾ ਪੁਲਿਸ ਨੇ ਕੀਤਾ ਐਨਕਾਊਂਟਰ

**ਤਰਨਤਾਰਨ।** ਅੱਜ ਕੁਝ ਘੰਟੇ ਪਹਿਲਾਂ ਦਿਨ ਦਿਹਾੜੇ ਹਰੀਕੇ ਵਿਖੇ ਆੜ੍ਹਤੀ ਦਾ ਕਤਲ ਕਰਨ ਵਾਲੇ ਕਾਤਲਾਂ ਦਾ ਪੁਲਿਸ ਨਾਲ ਮੁਕਾਬਲਾ ਹੋ ਗਿਆ ਹੈ। ਇਸ ਦੌਰਾਨ ਦੋਹਾਂ ਪਾਸਿਓਂ ਫ਼ਾਇਰਿੰਗ ਹੋ ਗਈ, ਜਿਸ 'ਚ 2 ਬਦਮਾਸ਼ ਜ਼ਖ਼ਮੀ ਹੋ ਗਏ। ਇਸ ਦੌਰਾਨ ਭੱਜਣ ਦੀ ਕੋਸ਼ਿਸ਼ ਕਰ ਰਹੇ ਇਕ ਬਦਮਾਸ਼ ਦਾ ਪੈਰ ਵੀ ਫਰੈਕਚਰ ਹੋ ਗਿਆ। ਜ਼ਖ਼ਮੀ ਨੂੰ ਇਲਾਜ ਲੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਵੱਲੋਂ ਕਤਲ ਕਰਨ ਵਾਲੇ ਦੋ ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਸਬੰਧੀ ਥਾਣਾ ਹਰੀਕੇ ਦੀ ਪੁਲਿਸ ਵੱਲੋਂ ਆੜ੍ਹਤੀ ਉਪਰ ਹਮਲਾ ਕਰਨ ਵਾਲੇ ਮੁਲਜ਼ਮਾਂ ਦਾ ਪਿੱਛਾ ਕੀਤਾ ਗਿਆ। ਇਸ ਦੌਰਾਨ ਮੋਟਰਸਾਈਕਲ ਉੱਪਰ ਸਵਾਰ 2 ਮੁਲਜ਼ਮ ਜਦੋਂ ਪਿੰਡ ਠੱਠੀਆਂ ਮਹੰਤਾਂ ਵਿਖੇ ਪੁੱਜੇ ਤਾਂ ਪਹਿਲਾਂ ਤੋਂ ਹੀ ਇਨ੍ਹਾਂ ਦਾ ਇੰਤਜ਼ਾਰ ਕਾਰ ਉਪਰ ਸਵਾਰ ਸਾਥੀ ਕਰ ਰਿਹਾ ਸੀ। ਮੋਟਰਸਾਈਕਲ ਨੂੰ ਰਸਤੇ ਉੱਪਰ ਸੁੱਟ ਤਿੰਨੇ ਕਾਰ ਦੀ ਮਦਦ ਨਾਲ



ਮੌਕੇ ਤੋਂ ਫ਼ਰਾਰ ਹੋ ਗਏ। ਜਦੋਂ ਤਿੰਨ੍ਹਾਂ ਮੁਲਜ਼ਮਾਂ ਦੀ ਕਾਰ ਪਿੰਡ ਅਲੀਪੁਰ ਵਿਖੇ ਪੁੱਜੀ ਤਾਂ ਅੱਗੇ ਰਸਤਾ ਬੰਦ ਹੋਣ ਦੇ ਚਲਦਿਆਂ ਮੁਲਜ਼ਮ ਖੇਤਾਂ ਵਿਚ ਫ਼ਰਾਰ ਹੋ ਗਏ। ਜਦੋਂ ਪੁਲਿਸ ਵੱਲੋਂ ਇਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਮੁਲਜ਼ਮਾਂ ਵੱਲੋਂ ਪੁਲਿਸ ਉੱਪਰ ਫ਼ਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ ਗਈ। ਪੁਲਿਸ ਵੱਲੋਂ ਕੀਤੀ ਗਈ ਫਾਇਰਿੰਗ ਦੌਰਾਨ ਦੋ ਮੁਲਜ਼ਮ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਭੱਜਦੇ ਸਮੇਂ ਇਕ ਦਾ ਪੈਰ ਫਰੈਕਚਰ ਹੋ ਗਿਆ। ਜਦਕਿ ਤੀਸਰਾ ਮੌਕੇ ਤੋਂ ਫ਼ਰਾਰ ਹੋ ਗਿਆ। ਇਸ ਸਾਰੇ ਮਾਮਲੇ ਨੂੰ ਥਾਣਾ ਹਰੀਕੇ ਦੇ ਮੁਖੀ ਇੰਸਪੈਕਟਰ ਰਣਜੀਤ ਸਿੰਘ ਵੱਲੋਂ ਅੰਜਾਮ ਦਿੱਤਾ ਗਿਆ ਹੈ। ਜਿਨਾਂ ਨੇ ਬਹਾਦਰੀ ਨਾਲ ਪੁਲਿਸ ਪਾਰਟੀ ਦੀ ਮਦਦ ਨਾਲ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ ਇਸ ਸਾਰੇ ਮਾਮਲੇ ਦੇ ਪਿੱਛੇ ਡੋਨੀ ਬਲ ਗੈਂਗ ਦਾ ਹੱਥ ਦੱਸਿਆ ਜਾ ਰਿਹਾ ਹੈ। ਇਸ ਮਾਮਲੇ ਵਿਚ ਫਿਰੌਤੀ ਦਾ ਮਾਮਲਾ ਵੀ ਸਾਹਮਣੇ ਆ ਰਿਹਾ ਹੈ। ਦੱਸਣਾ ਬਣਦਾ ਹੈ ਕਿ ਅੱਜ ਸਵੇਰੇ ਰਾਮ ਗੋਪਾਲ (50) ਪੁੱਤਰ ਕਸ਼ਮੀਰ ਚੰਦ ਦੇ ਵਾਸੀ ਹਰੀਕੇ ਅੱਜ ਸਵੇਰੇ ਆਪਣੀ ਆੜ੍ਹਤੀ ਦੀ ਦੁਕਾਨ ਦੇ ਨੇੜੇ ਉਸਾਰੀ ਅਧੀਨ ਇਮਾਰਤ ਦੇ ਕੋਲ ਖੜ੍ਹਾ ਸੀ, ਜਿੱਥੇ ਅਣਪਛਾਤੇ ਬਾਈਕ ਸਵਾਰ ਹਮਲਾਵਰਾਂ ਨੇ ਆ ਕੇ ਉਸ 'ਤੇ ਫ਼ਾਇਰਿੰਗ ਕਰ ਦਿੱਤੀ। ਉੱਥੇ ਖੜ੍ਹੇ ਪ੍ਰਤੱਖ ਦਰਸ਼ੀਆਂ ਅਨੁਸਾਰ ਟੋਟਲ 5 ਰਾਊਂਡ ਫਾਇਰ ਹੋਏ ਜਿਸ ਵਿਚੋਂ ਤਿੰਨ ਰਾਮ ਗੋਪਾਲ ਦੇ ਸਰੀਰ ਵਿਚ ਲੱਗੇ। ਉਸ ਨੂੰ ਇਲਾਜ ਲਈ ਤੁਰੰਤ ਗੁਰੂ ਨਾਨਕ ਹਸਪਤਾਲ ਰੈਫਰ ਕਰ ਦਿੱਤਾ ਗਿਆ ਸੀ ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

## ਧਨਬਾਦ ਦੇ ਸਕੂਲ 'ਚ 80 ਵਿਦਿਆਰਥਣਾਂ ਨੂੰ ਕਮੀਜ਼ ਲਾਹੁਣ ਲਈ ਕਿਹਾ

**ਧਨਬਾਦ/ਰਾਂਚੀ।** ਝਾਰਖੰਡ ਦੇ ਮਾਪਿਆਂ ਦੀ ਇੱਕ ਸੰਸਥਾ ਨੇ ਐਤਵਾਰ ਨੂੰ NCPCR ਨੂੰ ਪੱਤਰ ਲਿਖ ਕੇ ਧਨਬਾਦ ਦੇ ਇੱਕ ਸਕੂਲ ਪ੍ਰਿੰਸੀਪਲ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ, ਜਿਸ ਨੇ ਕਥਿਤ ਤੌਰ 'ਤੇ 80 ਸਕੂਲੀ ਵਿਦਿਆਰਥਣਾਂ ਨੂੰ ਸੰਦੇਸ਼ ਲਿਖਣ ਕਾਰਨ ਕਮੀਜ਼ ਲਾਹੁਣ ਦਾ ਆਦੇਸ਼ ਦਿੱਤਾ ਸੀ।

**ਲੜਕੀਆਂ ਦੇ ਮਾਪਿਆਂ ਵੱਲੋਂ ਪ੍ਰਿੰਸੀਪਲ ਖ਼ਿਲਾਫ਼ ਕਾਰਵਾਈ ਦੀ ਮੰਗ**

ਝਾਰਖੰਡ ਅਭਿਭਾਵਕ ਮਹਾਸੰਘ (JAM) ਨੇ ਰਾਸ਼ਟਰੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (NCPCR) ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਵਿੱਚ ਪ੍ਰਿੰਸੀਪਲ ਖ਼ਿਲਾਫ਼ 'ਸ਼ਰਮਨਾਕ ਕੰਮ' ਕਰਨ ਦਾ ਦੋਸ਼ ਲਗਾਇਆ ਗਿਆ ਅਤੇ ਫੌਛਸ਼ੌ ਐਕਟ ਤਹਿਤ ਕਾਰਵਾਈ ਦੀ ਮੰਗ ਕੀਤੀ ਗਈ। ਇੱਕ ਅਧਿਕਾਰੀ ਨੇ ਕਿਹਾ ਕਿ ਸਕੂਲ ਪ੍ਰਿੰਸੀਪਲ 'ਤੇ ਦੋਸ਼ ਹੈ ਕਿ ਉਸ ਨੇ 10ਵੀਂ ਕਲਾਸ ਦੀਆਂ 80 ਵਿਦਿਆਰਥਣਾਂ ਨੂੰ ਉਨ੍ਹਾਂ 'ਤੇ ਸੰਦੇਸ਼ ਲਿਖਣ ਲਈ ਆਪਣੀ ਕਮੀਜ਼ ਉਤਾਰਣ ਦਾ ਹੁਕਮ ਦਿੱਤਾ, ਜਿਸ ਮਗਰੋਂ ਪ੍ਰਸ਼ਾਸਨ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਾਪਿਆਂ ਨੇ ਦੋਸ਼ ਲਾਇਆ ਕਿ ਲੜਕੀਆਂ ਨੂੰ ਬਿਨਾਂ ਕਮੀਜ਼ ਬਲੇਜ਼ਰ 'ਚ ਘਰ ਪਰਤਣ ਲਈ ਮਜਬੂਰ ਕੀਤਾ ਗਿਆ ਅਧਿਕਾਰੀ ਨੇ ਦੱਸਿਆ ਕਿ ਧਨਬਾਦ ਪ੍ਰਸ਼ਾਸਨ ਵੱਲੋਂ ਬਣਾਈ ਗਈ ਜਾਂਚ ਕਮੇਟੀ ਸੋਮਵਾਰ ਨੂੰ ਜੋਰਾਪੋਖੜ ਥਾਣਾ ਖੇਤਰ ਅਧੀਨ ਪੈਂਦੇ ਦੀਗਵਾਹਡੀਡ ਦੇ ਸਕੂਲ ਜਾਵੇਗੀ।ਮਾਪਿਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਪ੍ਰਸ਼ਾਸਨ ਨੇ ਸਕੂਲ ਪ੍ਰਿੰਸੀਪਲਲ ਖ਼ਿਲਾਫ਼ ਕਾਰਵਾਈ ਕਰਨ 'ਚ ਅਸਫ਼ਲ ਰਿਹਾ ਤਾਂ 14 ਜਨਵਰੀ ਨੂੰ ਧਰਨਾ ਦਿੱਤਾ ਜਾਵੇਗਾ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪਾਕਿਸਤਾਨ 'ਚ ਆ ਕੇ ਤਾਲਿਬਾਨ ਅਤੇ ਇਜ਼ਰਾਈਲ ਵਿਰੁਧ ਗਰਜੀ ਮਲਾਲਾ ਯੂਸਫ਼ਜ਼ਈ



**ਇਸਲਾਮਾਬਾਦ ।** ਨੋਬਲ ਸ਼ਾਂਤੀ ਪੁਰਸਕਾਰ ਜੇਤੂ ਮਲਾਲਾ ਯੂਸਫਜ਼ਈ ਨੇ ਐਤਵਾਰ ਨੂੰ ਅਫਗਾਨ ਤਾਲਿਬਾਨ ਸਰਕਾਰ ਦੀ ਆਲੋਚਨਾ ਕੀਤੀ ਕਿ ਉਹ ਸਭਿਆਚਾਰ ਅਤੇ ਧਰਮ ਦੇ ਨਾਂ 'ਤੇ ਔਰਤਾਂ ਵਿਰੁਧ ਲਿੰਗ ਵਿਤਕਰੇ ਦੀ ਪ੍ਰਣਾਲੀ ਸਥਾਪਤ ਕਰ ਰਹੀ ਹੈ। ਇਸਲਾਮਾਬਾਦ 'ਚ ਕੌਮਾਂਤਰੀ ਕਾਨਫਰੰਸ ਦੇ ਦੂਜੇ ਅਤੇ ਆਖ਼ਰੀ ਦਿਨ ਮੁਸਲਮਾਨ ਦੇਸ਼ਾਂ 'ਚ ਕੁੜੀਆਂ ਦੀ ਸਿੱਖਿਆ ਦੇ ਮਾਮਲੇ 'ਤੇ ਬੋਲਦਿਆਂ ਮਲਾਲਾ ਨੇ ਕਿਹਾ, ''ਸਿੱਧੇ ਸ਼ਬਦਾਂ 'ਚ ਕਹੀਏ ਤਾਂ ਤਾਲਿਬਾਨ ਔਰਤਾਂ ਨੂੰ ਇਨਸਾਨ ਦੇ ਰੂਪ 'ਚ ਨਹੀਂ ਦੇਖਦਾ। ਉਹ ਅਪਣੇ ਜੁਰਮਾਂ ਨੂੰ ਸਭਿਆਚਾਰਕ ਅਤੇ ਧਾਰਮਕ ਜਾਇਜ਼ਤਾ 'ਚ ਲੁਕਾਉਂਦੇ ਹਨ। ਇਹ ਨੀਤੀਆਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹਨ ਅਤੇ ਇਸਲਾਮਿਕ ਸਿੱਖਿਆਵਾਂ ਵਿਚ ਇਨ੍ਹਾਂ ਦਾ ਕੋਈ ਆਧਾਰ ਨਹੀਂ ਹੈ।'' ਤਾਲਿਬਾਨ ਨੇ 2021 ਵਿਚ ਅਸ਼ਰਫ ਗਨੀ ਦੀ ਸਰਕਾਰ ਨੂੰ ਹਟਾ ਕੇ ਸੱਤਾ 'ਤੇ ਮੁੜ ਕਬਜ਼ਾ ਕਰ ਲਿਆ ਸੀ ਅਤੇ ਉਦੋਂ ਤੋਂ ਅਫਗਾਨਿਸਤਾਨ 'ਤੇ ਕਈ ਮਹਿਲਾ ਵਿਰੋਧੀ ਨੀਤੀਆਂ ਨੂੰ ਕਾਨੂੰਨੀ ਰੂਪ ਦਿਤਾ ਸੀ, ਜਿਸ ਵਿਚ ਉਨ੍ਹਾਂ ਨੂੰ ਸਿੱਖਿਆ ਦੇ ਅਧਿਕਾਰ ਤੋਂ ਵਾਂਝਾ ਕਰਨਾ ਵੀ ਸ਼ਾਮਲ ਸੀ। 27 ਸਾਲ ਦੀ ਨੋਬਲ ਪੁਰਸਕਾਰ ਜੇਤੂ ਨੇ ਅਫਗਾਨ ਸਰਕਾਰ 'ਤੇ ਦੇਸ਼ 'ਚ ਇਸਲਾਮਿਕ ਪ੍ਰਣਾਲੀ ਲਾਗੂ ਕਰਨ ਦੇ ਦਾਅਵੇ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਕੋਈ ਵੀ ਸਭਿਆਚਾਰਕ ਜਾਂ ਧਾਰਮਕ ਬਹਾਨਾ ਇਨ੍ਹਾਂ ਨੂੰ ਜਾਇਜ਼ ਨਹੀਂ ਠਹਿਰਾ ਸਕਦਾ। ਉਨ੍ਹਾਂ ਮੁਸਲਿਮ ਨੇਤਾਵਾਂ ਨੂੰ ਅਪੀਲ ਕੀਤੀ ਕਿ ਉਹ ਅਫਗਾਨਿਸਤਾਨ ਵਿਚ ਤਾਲਿਬਾਨ ਦੀ ਸਰਕਾਰ ਨੂੰ ਮਾਨਤਾ ਦੇਣ ਤੋਂ ਪਰਹੇਜ਼ ਕਰਨ ਅਤੇ ਔਰਤਾਂ ਤੇ ਕੁੜੀਆਂ ਲਈ ਸਿੱਖਿਆ ਨੂੰ ਸੀਮਤ ਕਰਨ ਵਾਲੀਆਂ ਉਨ੍ਹਾਂ ਦੀਆਂ ਨੀਤੀਆਂ ਦੇ ਵਿਰੁਧ ਖੜ੍ਹੇ ਹੋ ਕੇ ਸੱਚੀ ਅਗਵਾਈ ਦਾ ਪ੍ਰਦਰਸ਼ਨ ਕਰਨ। ਉਨ੍ਹਾਂ ਨੇ ਤਾਲਿਬਾਨ ਸ਼ਾਸਨ ਨੂੰ 'ਲਿੰਗ ਵਿਤਕਰੇ ਦੇ ਦੋਸ਼ੀ' ਕਰਾਰ ਦਿੰਦੇ ਹੋਏ ਮੁਸਲਿਮ ਨੇਤਾਵਾਂ ਨੂੰ ਕਿਹਾ, ''ਉਨ੍ਹਾਂ ਨੂੰ ਜਾਇਜ਼ ਨਾ ਠਹਿਰਾਇਆ ਜਾਵੇ। ਅਫਗਾਨਿਸਤਾਨ 'ਚ ਕੁੜੀਆਂ ਦੀ ਇਕ ਪੂਰੀ ਪੀੜ੍ਹੀ ਦਾ ਭਵਿੱਖ ਲੁੱਟਿਆ ਜਾ ਰਿਹਾ ਹੈ।'' ਉਨ੍ਹਾਂ ਕਿਹਾ, ''ਤਾਲਿਬਾਨ ਨੇ ਹਰ ਅਫਗਾਨ ਕੁੜੀ ਤੋਂ ਸਿਖਿਆ ਦੇ ਅਧਿਕਾਰ ਨੂੰ ਖੋਹ ਲਿਆ ਹੈ ਅਤੇ ਉਹ ਜਨਤਕ ਜੀਵਨ ਦੇ ਹਰ ਪਹਿਲੂ ਤੋਂ ਔਰਤਾਂ ਅਤੇ ਕੁੜੀਆਂ ਨੂੰ ਖਤਮ ਕਰਨਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਸਮਾਜ ਤੋਂ ਮਿਟਾਉਣਾ ਚਾਹੁੰਦੇ ਹਨ।'' ਮਲਾਲਾ ਨੇ ਇਹ ਵੀ ਕਿਹਾ ਕਿ 1.2 ਕਰੋੜ ਪਾਕਿਸਤਾਨੀ ਕੁੜੀਆਂ ਸਕੂਲ ਤੋਂ ਬਾਹਰ ਹਨ, ਜੋ ਦੁਨੀਆਂ 'ਚ ਸੱਭ ਤੋਂ ਵੱਧ ਗਿਣਤੀ 'ਚੋਂ ਇਕ ਹੈ। ਮਲਾਲਾ ਨੇ ਗਾਜ਼ਾ 'ਚ ਇਜ਼ਰਾਈਲ ਦੀਆਂ ਕਾਰਵਾਈਆਂ ਦੀ ਵੀ ਆਲੋਚਨਾ ਕੀਤੀ ਅਤੇ ਉਸ 'ਤੇ ਖੇਤਰ ਦੀ ਸਿੱਖਿਆ ਪ੍ਰਣਾਲੀ ਨੂੰ ਖਤਮ ਕਰਨ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ, ''ਗਾਜ਼ਾ 'ਚ ਇਜ਼ਰਾਈਲ ਨੇ ਪੂਰੀ ਸਿੱਖਿਆ ਪ੍ਰਣਾਲੀ ਨੂੰ ਤਬਾਹ ਕਰ ਦਿਤਾ ਹੈ। ਉਨ੍ਹਾਂ ਨੇ ਸਾਰੀਆਂ ਯੂਨੀਵਰਸਿਟੀਆਂ 'ਤੇ ਬੰਬ ਸੁੱਟੇ ਹਨ, 90 ਫ਼ੀ ਸਦੀ ਤੋਂ ਵੱਧ ਸਕੂਲਾਂ ਨੂੰ ਤਬਾਹ ਕਰ ਦਿਤਾ ਹੈ ਅਤੇ ਸਕੂਲਾਂ ਦੀਆਂ ਇਮਾਰਤਾਂ 'ਚ ਪਨਾਹ ਲੈ ਰਹੇ ਨਾਗਰਿਕਾਂ 'ਤੇ ਅੰਨ੍ਹੇਵਾਹ ਹਮਲਾ ਕੀਤਾ ਹੈ।'' ਉਸ ਨੇ ਕੌਮਾਂਤਰੀ ਏਕਤਾ ਨੂੰ ਸੰਘਰਸ਼ ਵਾਲੇ ਖੇਤਰਾਂ 'ਚ ਸਿੱਖਿਆ ਦਾ ਸਮਰਥਨ ਕਰਨ ਅਤੇ ਔਰਤਾਂ ਅਤੇ ਲੜਕੀਆਂ ਵਿਰੁਧ ਵਿਤਕਰੇ ਵਾਲੀਆਂ ਰਵਾਇਤਾਂ ਨੂੰ ਖਤਮ ਕਰਨ ਦੀ ਅਪੀਲ ਕੀਤੀ। ਮਲਾਲਾ ਨੂੰ 15 ਸਾਲ ਦੀ ਉਮਰ 'ਚ ਪਾਕਿਸਤਾਨੀ ਤਾਲਿਬਾਨ ਨੇ ਉਨ੍ਹਾਂ ਦਾ ਵਿਰੋਧ ਕਰਨ ਲਈ ਸਿਰ 'ਤੇ ਗੋਲੀ ਮਾਰ ਦਿਤੀ ਸੀ ਪਰ ਉਹ ਕੁੜੀਆਂ ਦੀ ਸਿੱਖਿਆ ਲਈ ਲਚਕੀਲੇਪਣ ਅਤੇ ਵਕਾਲਤ ਦਾ ਵਿਸ਼ਵਵਿਆਪੀ ਪ੍ਰਤੀਕ ਬਣ ਗਈ ਸੀ। ਉਹ ਦੋ ਦਿਨਾਂ ਸਿਖਰ ਸੰਮੇਲਨ ਵਿਚ ਹਿੱਸਾ ਲੈਣ ਲਈ ਪਾਕਿਸਤਾਨ ਆਈ ਸੀ, ਜਿਸ ਦਾ ਉਦੇਸ਼ ਮੁਸਲਿਮ ਭਾਈਚਾਰਿਆਂ ਵਿਚ ਲੜਕੀਆਂ ਦੀ ਸਿੱਖਿਆ ਵਿਚ ਚੁਣੌਤੀਆਂ ਨਾਲ ਨਜਿੱਠਣਾ ਅਤੇ ਸਿੱਖਿਆ ਤਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਵਿਚ ਕੌਮਾਂਤਰੀ ਲੀਡਰਸ਼ਿਪ ਦੀ ਭੂਮਿਕਾ ਦੀ ਪੜਚੋਲ ਕਰਨਾ ਸੀ।

## ਯੂਕੇ ਸ਼ੇਖ ਹਸੀਨਾ ਦੀ ਭਤੀਜੀ ਦੇ ਭ੍ਰਿਸ਼ਟਾਚਾਰ ਘੁਟਾਲੇ ਦੀ ਜਾਂਚ ਪੜਤਾਲ ਕਰੇ: ਯੂਨਸ





**ਢਾਕਾ।** ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨੇ ਬਰਤਾਨਵੀ ਮੰਤਰੀ ਟਿਊਲਿਪ ਸਿੱਦੀਕੀ ਅਤੇ ਉਸ ਦੇ ਪਰਿਵਾਰ ਦੀਆਂ ਜਾਇਦਾਦਾਂ ਦੀ ਜਾਂਚ ਪੜਤਾਲ ਕਰਨ ਦੀ ਮੰਗ ਕੀਤੀ ਹੈ। ਯੂਨਸ ਨੇ ਸੰਕੇਤ ਦਿੱਤਾ ਕਿ ਸਿੱਦੀਕੀ ਨੇ ਆਪਣੀ ਮਾਸੀ ਸ਼ੇਖ ਹਸੀਨਾ ਦੇ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਕਾਰਜਕਾਲ ਦੌਰਾਨ ਗੈਰ-ਕਾਨੂੰਨੀ ਢੰਗ ਨਾਲ ਇਹ ਜਾਇਦਾਦ ਬਣਾਈ ਹੋ ਸਕਦੀ ਹੈ। ਟਾਈਮਜ਼ ਅਖ਼ਬਾਰ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਯੂਨਸ ਨੇ ਸਿੱਦੀਕੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ 'ਉਨ੍ਹਾਂ ਦੀ ਮਾਸੀ ਦੇ ਗੱਦੀਓਂ ਲਾਹੇ ਸ਼ਾਸਨ ਦੇ ਸਹਿਯੋਗੀਆਂ' ਦੁਆਰਾ ਤੋਹਫ਼ੇ ਵਿੱਚ ਦਿੱਤੀਆਂ ਜਾਇਦਾਦਾਂ ਦੀ ਵਰਤੋਂ ਦੀ ਨਿੰਦਾ ਕੀਤੀ। ਉਨ੍ਹਾਂ ਮੰਗ ਕੀਤੀ ਕਿ ਜੇਕਰ ਇਹ ਸਾਬਤ ਹੁੰਦਾ ਹੈ ਕਿ ਟਿਊਲਿਪ ਨੂੰ 'ਸਿੱਧਾ ਲਾਭ' ਹੋਇਆ ਹੈ ਤਾਂ ਉਨ੍ਹਾਂ ਦੀ ਜਾਇਦਾਦ ਬੰਗਲਾਦੇਸ਼ ਨੂੰ ਵਾਪਸ ਕੀਤੀ ਜਾਵੇ। ਪਿਛਲੀ ਸਰਕਾਰ 'ਤੇ ਧੋਖਾਧੜੀ ਰਾਹੀਂ ਪੈਸੇ ਦੀ ਹੇਰਾ-ਫੇਰੀ ਕਰਨ ਦੇ ਦੋਸ਼ ਲਾਉਂਦਿਆਂ ਯੂਨਸ ਨੇ ਕਿਹਾ, ''ਇਹ ਸਾਫ਼ 'ਤੇ ਡਕੈਤੀ ਹੈ।''ਬਰਤਾਨਵੀ ਲੇਬਰ ਕੈਬਨਿਟ ਦੀ ਮੈਂਬਰ ਟਿਊਲਿਪ ਸਿੱਦੀਕੀ, ਆਰਥਿਕ ਮਾਮਲਿਆਂ ਦੀ ਮੰਤਰੀ ਵਜੋਂ ਸੇਵਾਵਾਂ ਨਿਭਾ ਰਹੀ ਹੈ, ਜੋ ਬਰਤਾਨੀਆ ਦੇ ਵਿੱਤੀ ਬਾਜ਼ਾਰਾਂ 'ਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਜ਼ਿੰਮੇਵਾਰ ਹੈ। ਯੂਨਸ ਦੀ ਇੰਟਰਵਿਊ ਪ੍ਰਕਾਸ਼ਿਤ ਹੋਣ ਤੋਂ ਇੱਕ ਦਿਨ ਬਾਅਦ ਇੱਕ ਬਰਤਾਨਵੀ ਅਖ਼ਬਾਰ ਨੇ ਇੱਕ ਹੋਰ ਰਿਪੋਰਟ ਪ੍ਰਕਾਸ਼ਿਤ ਕੀਤੀ ਜਿਸ ਦਾ ਸਿਰਲੇਖ ਸੀ, ''ਬੰਗਲਾਦੇਸ਼ੀ ਨੇਤਾ ਦੀ ਫਟਕਾਰ ਤੋਂ ਬਾਅਦ ਯੂਕੇ ਦੇ ਪ੍ਰਧਾਨ ਮੰਤਰੀ ਤੋਂ ਟਿਊਲਿਪ ਸਿੱਦੀਕੀ ਨੂੰ ਬਰਖ਼ਾਸਤ ਕਰਨ ਦੀ ਮੰਗ।''

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਮਾਛੀਵਾੜਾ ਵਿੱਚ ਨਗਰ ਕੌਂਸਲ ਪ੍ਰਧਾਨਗੀ ਵੇਲੇ ਜੋ ਕੁਝ ਵਾਪਰਿਆ ਉਸ ਉੱਤੇ ਹਰਜੋਤ ਸਿੰਘ ਮਾਂਗਟ ਨੇ ਨੋਟਿਸ ਲਿਆ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਜਿਲਾ ਲੁਧਿਆਣਾ ਦੀ ਇਤਿਹਾਸਿਕ ਨਗਰੀ ਮਾਛੀਵਾੜਾ ਸਾਹਿਬ ਦੇ ਵਿੱਚ ਜੋ ਨਗਰ ਕੌਂਸਲ ਚੋਣਾਂ ਹੋਈਆਂ ਹਨ ਉਸ ਦੇ ਵਿੱਚ ਬੇਹੱਦ ਹੈਰਾਨ ਕਰਨ ਵਾਲਾ ਘਟਨਾ ਕਰਮ ਸ਼ੁਰੂ ਹੋਣ ਸਮੇਂ ਤੋਂ ਵਾਪਰਿਆ ਤੇ ਅਖੀਰ ਨੂੰ ਪ੍ਰਧਾਨਗੀ ਤੱਕ ਜੋ ਕੁਝ ਹੋਇਆ ਉਸ ਨੇ ਸਭ ਨੂੰ ਹੈਰਾਨ ਕਰ ਦਿੱਤਾ। ਮਾਛੀਵਾੜਾ ਨਗਰ ਕੌਂਸਲ ਦੀਆਂ ਨਾਮਜ਼ਦਗੀ ਪੱਤਰ ਵਾਲੇ ਦਿਨ ਹੀ ਵੱਡੀ ਗਿਣਤੀ ਦੇ ਵਿੱਚ ਆਪਣੇ ਵਿਰੋਧੀਆਂ ਦੇ ਕਾਗਜ ਰੱਦ ਕਰ ਦਿੱਤੇ। ਉਸ ਮੌਕੇ ਅਕਾਲੀ ਦਲ ਕਾਂਗਰਸ ਭਾਜਪਾ ਨੇ ਧਰਨਾ ਪ੍ਰਦਰਸ਼ਨ ਕੀਤਾ ਤੇ ਗੱਲ ਹਾਈਕੋਰਟ ਤੱਕ ਜਾਣ ਦੀ ਵੀ ਕਹੀ ਫਿਰ ਚੋਣਾਂ ਹੋਈਆਂ ਜਿਸ ਵਿੱਚ ਚਾਰ ਸੀਟਾਂ ਆਪ ਨੇ ਜਿੱਤੀਆਂ ਦੋ ਅਕਾਲੀ ਤੇ ਦੋ ਕਾਂਗਰਸੀ ਉਸ ਤੋਂ ਬਾਅਦ ਜਦੋਂ ਕੱਲ ਪ੍ਰਧਾਨਗੀ ਦੀ ਗੱਲ



ਚੱਲੀ ਤਾਂ ਉੱਥੇ ਜੋ ਕੁਝ ਵਾਪਰਿਆ ਉਹ ਹੈਰਾਨ ਕਰਨ ਵਾਲਾ ਸੀ ਆਪ ਨਾਲ ਸੰਬੰਧਿਤ ਚਾਰ ਕੌਂਸਲਰਾਂ ਨੇ ਪ੍ਰਧਾਨਗੀ ਮੌਕੇ ਬਾਈਕਾਟ ਕੀਤਾ। ਜਿਹੜੇ ਧਰਨਾ ਪ੍ਰਦਰਸ਼ਨ ਕਰ ਰਹੇ ਅਕਾਲੀ ਕਾਂਗਰਸੀ ਸਨ ਉਹਨਾਂ ਨੇ ਪ੍ਰਧਾਨਗੀ ਦੀ ਚੋਣ ਮੌਕੇ ਨਵੇਂ ਪ੍ਰਧਾਨ ਨੂੰ ਵੋਟ ਕੀਤੀ ਇਹ ਸਾਰਾ ਘਟਨਾਕ੍ਰਮ ਲੋਕਾਂ ਦੇ ਵਿੱਚ ਭੰਬਲ ਭੂਸਾ ਵੀ ਪਾਉਂਦਾ ਸੀ ਤੇ ਲੋਕ ਹੈਰਾਨ ਵੀ ਸਨ ਪਰ ਅੱਜ ਮਾਛੀਵਾੜਾ ਸਾਹਿਬ ਨਾਲ ਸੰਬੰਧਿਤ ਅਕਾਲੀ ਦਲ ਦੇ ਯੂਥ ਆਗੂ ਤੇ ਕੋਰ ਕਮੇਟੀ ਦੇ ਮੈਂਬਰ ਹਰਜੋਤ ਸਿੰਘ ਮਾਂਗਟ ਨੇ ਇਸ ਮਾਮਲੇ ਦੇ ਵਿੱਚ ਆਪਣੀ ਚੁੱਪੀ ਤੋੜੀ ਹੈ ਤੇ ਜੋ ਘਟਨਾ ਕਰਮ ਪ੍ਰਧਾਨਗੀ ਵੇਲੇ ਵਾਪਰਿਆ ਉਸ ਉੱਤੇ ਹੈਰਾਨੀ ਦਾ ਪ੍ਰਗਟਾਈ ਹੀ ਹੈ ਤੇ ਨਾਲ ਹੀ ਮਾਛੀਵਾੜਾ ਨਿਵਾਸੀਆਂ ਤੋਂ ਨਿਮਰਤਾ ਨਾਲ ਮਾਫ਼ੀ ਵੀ ਮੰਗੀ ਹੈ ਕਿ ਜੋ ਕੁਝ ਹੋਇਆ ਬਹੁਤ ਗਲਤ ਹੋਇਆ ਉਹਨਾਂ ਕਿਹਾ ਕਿ ਮੈਨੂੰ ਖੁਦ ਸਮਝ ਨਹੀਂ ਆਈ। ਠੀਕ ਹੈ ਯੂਥ ਆਗੂ ਨੇ ਆਪਣੇ ਮਨ ਦਾ ਗੁੱਸਾ ਕੱਢਿਆ ਪਰ ਕੀਤਾ ਕੀ ਕੀ ਜਾਵੇ ਪਾਰਟੀਆਂ ਦੇ ਨਾਲ ਗੱਦਾਰੀ ਕਰਨ ਵਾਲਿਆਂ ਦਾ ਕੋਈ ਪਤਾ ਨਹੀਂ ਲੱਗਦਾ।

ਫਿਰ ਵੀ ਯੂਥ ਆਗੂ ਹਰਜੋਤ ਸਿੰਘ ਮਾਗਟ ਅੱਗੇ ਆਏ ਇਸ ਮਾਮਲੇ ਉੱਤੇ ਗੱਲਬਾਤ ਕੀਤੀ ਅਕਾਲੀ ਦਲ ਨਾਲ ਸਬੰਧਿਤ ਹੀ ਨਹੀਂ ਬਾਕੀ ਪਾਰਟੀਆਂ ਦੇ ਆਗੂਆਂ ਤੇ ਵਰਕਰਾਂ ਨੇ ਹਰਜੋਤ ਸਿੰਘ ਮਾਂਗਟ ਵੱਲੋਂ ਕੀਤੀ ਗੱਲਬਾਤ ਨੂੰ ਸਹੀ ਦਰਸਾਇਆ।

# ਦੁੱਲਾ ਭੱਟੀ ਨੂੰ ਸਮਰਪਿਤ ਸਾਹਿਤਿਕ ਸਮਾਗਮ ਕਰਵਾਇਆ

**ਭਵਾਨੀਗੜ੍ਹ (ਰਮੇਸ਼ਵਰ ਸਿੰਘ)** ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਵੱਲੋਂ ਅੱਜ ਮਿਤੀ 12 ਜਨਵਰੀ 2024 ਨੂੰ ਇੱਕ ਸਾਹਿਤਿਕ ਸਮਾਗਮ ਸਰਕਾਰੀ ਪ੍ਰਾਇਮਰੀ ਸਕੂਲ ( ਕੁ) ਕਾਕੜਾ ਰੋਡ ਭਵਾਨੀਗੜ੍ਹ ਵਿਖੇ ਕਰਵਾਇਆ ਗਿਆ ਕਰਵਾਇਆ। ਇਹ ਸਮਾਗਮ ਪੰਜਾਬ ਦੇ ਮੁਗਲ ਕਾਲ ਦੇ ਮਹਾਨ ਨਾਇਕ ਦੁੱਲਾ ਭੱਟੀ ਨੂੰ ਸਮਰਪਿਤ ਸੀ ਜਿਸ ਨੇ ਮੁਗਲ ਹਕੂਮਤ ਦੇ ਖਿਲਾਫ ਪੀੜ੍ਹੀ ਦਰ ਪੀੜ੍ਹੀ ਇੱਕ ਲੰਮੀ ਜੰਗ ਲੜੀ ਅਤੇ ਆਪਣੇ ਦਾਦੇ ਸਾਂਬਰ ਭੱਟੀ ਅਤੇ ਪਿਤਾ ਫਰੀਦ ਭੱਟੀ ਵਾਂਗ ਸ਼ਹਾਦਤ ਦਾ ਪਿਆਲਾ ਪੀਤਾ। ਹਰ ਸਾਲ ਲੋਹੜੀ ਦਾ ਤਿਉਹਾਰ ਵੀ ਦੁੱਲਾ ਭੱਟੀ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਮੰਚ ਦੇ



ਪ੍ਰਧਾਨ ਕੁਲਵੰਤ ਖਨੌਰੀ ਵੱਲੋਂ ਦੱਸਿਆ ਗਿਆ ਕਿ ਦੁੱਲਾ ਭੱਟੀ ਦਾ ਅਸਲ ਨਾਮ ਅਬਦੁੱਲਾ ਭੱਟੀ ਸੀ ਪਰ ਪਰਿਵਾਰ ਵਿੱਚ ਉਸ ਨੂੰ ਪਿਆਰ ਨਾਲ ਸਾਰੇ ਦੁੱਲਾ ਭੱਟੀ ਕਹਿੰਦੇ ਸਨ ਅਤੇ ਫਿਰ ਹੌਲੀ ਹੌਲੀ ਉਸਦਾ ਇਹੀ ਨਾਮ ਪੱਕ ਗਿਆ ਅਤੇ ਬਾਅਦ ਵਿੱਚ ਪੰਜਾਬ ਦੇ ਮਾਣਮੱਤੇ ਇਤਿਹਾਸ ਵਿੱਚ ਉਸ ਦਾ ਇਹੀ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਗਿਆ। ਖ਼ਰਾਬ ਮੌਸਮ ਅਤੇ ਠੰਡ ਦੇ ਬਾਵਜੂਦ ਇਸ ਸਮਾਗਮ ਵਿੱਚ ਦੁੱਲਾ ਭੱਟੀ ਨਾਲ ਸੰਬੰਧਿਤ ਰਚਨਾਵਾਂ ਲੈ ਕੇ ਪਵਨ ਹੋਸ਼ੀ, ਪੰਮੀ ਫੱਗੂਵਾਲੀਆ, ਬਲਜਿੰਦਰ ਬਾਲੀ ਰੇਤਗੜ, ਸੰਦੀਪ ਸਿੰਘ ਬਖੋਪੀਰ, ਪੁਸ਼ਪਿੰਦਰ ਸਿੰਘ ਬਖੋਪੀਰ, ਕਰਨੈਲ ਸਿੰਘ ਬੀਂਬੜ, ਗੁਰਜੰਟ ਬੀਂਬੜ ਅਤੇ ਹਰਵੀਰ ਸਿੰਘ ਬਾਗੀ ਨੇ ਹਾਜ਼ਰੀ ਲਗਵਾਈ। ਕੁਲਵੰਤ ਖਨੌਰੀ ਵੱਲੋਂ ਇਸ ਮੌਕੇ ਹਾਜ਼ਰ ਹੋਏ ਕਵੀ ਸਾਹਿਬਾਨ ਦਾ ਧੰਨਵਾਦ ਕੀਤਾ।

# ਨੀਲਾ ਘੋੜਾ ਗੀਤ ਨਾਲ ਗੁਰੂ ਚਰਨਾਂ ਵਿੱਚ ਹਾਜ਼ਰ ਹੋਇਆ ਸੁਖਵਿੰਦਰ ਸਿੰਘ ਸਨੇਹ

**ਬਲਬੀਰ ਸਿੰਘ ਬੱਬੀ**

ਪੰਜਾਬੀ ਗੀਤ ਸੰਗੀਤ ਦੇ ਵਿਹੜੇ ਦੇ ਵਿੱਚ ਅਨੇਕਾਂ ਗੀਤਕਾਰ ਗਾਇਕ ਸੰਗੀਤਕਾਰ ਨਵੇਂ ਤੋਂ ਨਵੇਂ ਤਜਰਬੇ ਲੈ ਕੇ ਆਉਂਦੇ ਰਹਿੰਦੇ ਹਨ ਪੰਜਾਬੀ ਗੀਤਾਂ ਦੀ ਵੰਨਗੀ ਦੇ ਵਿੱਚ ਧਾਰਮਿਕ ਗੀਤਾਂ ਨੇ ਆਪਣੀ ਜਗ੍ਹਾ ਆਪ ਬਣਾਈ ਹੋਈ ਹੈ ਅਨੇਕਾਂ ਵੱਡੇ ਛੋਟੇ ਨਵੇਂ ਪੁਰਾਣੇ ਗਾਇਕ ਕਲਾਕਾਰਾਂ ਨੇ ਅਜਿਹੇ ਧਾਰਮਿਕ ਗੀਤ ਆਪਣੀਆਂ ਆਵਾਜ਼ਾਂ ਰਾਹੀਂ ਗਾਏ ਹਨ ਜੋ ਸਦਾ ਬਹਾਰ ਤਾਂ ਬਣੇ ਹੀ ਹਨ ਤੇ ਉਹ ਇਤਿਹਾਸ ਨਾਲ ਵੀ ਜੋੜ ਦਿੰਦੇ ਹਨ ਜੇਕਰ ਬਹੁਤੇ ਕਲਾਕਾਰ ਆਪਣਾ ਇੱਕ ਅੱਧਾ ਧਾਰਮਿਕ ਗੀਤ ਗਾਉਂਦੇ ਹਨ ਤੇ ਬਾਕੀ ਦੂਜੇ ਪਰ ਕੁਝ ਅਜਿਹੇ ਗਾਇਕ ਵੀ ਹਨ ਜੋ ਹਮੇਸ਼ਾ ਹੀ ਅਲੱਗ ਜਿਹੇ ਵਿਸ਼ਿਆਂ ਨੂੰ ਛੋਹਦੇ ਹਨ ਤੇ ਉਹਨਾਂ ਵਿਸ਼ਿਆਂ ਦੇ ਵਿੱਚ ਆਪਣੀ ਗੀਤਕਾਰੀ ਦੇ ਨਾਲ ਨਾਲ ਗਾਇਕੀ ਦੀ ਕਮਾਲ ਦਿਖਾਉਂਦੇ ਹਨ। ਪੰਜਾਬੀ ਗਾਇਕੀ ਦੇ ਵਿਹੜੇ ਦਾ ਅਜਿਹਾ ਹੀ ਮਾਣ ਮੱਤਾ ਗੀਤਕਾਰ ਗਾਇਕ ਤੇ ਸਾਹਿਤਕਾਰ ਹੈ ਸੁਖਵਿੰਦਰ ਸਿੰਘ ਸਨੇਹ ਰੂੜੇਕੇ ਬਰਨਾਲਾ, ਜਿਵੇਂ ਮੈਂ ਪਹਿਲਾਂ ਹੀ ਕਿਹਾ ਹੈ ਕਿ ਸੁਖਵਿੰਦਰ ਸਨੇਹ ਸਾਹਿਤਕਾਰੀ ਦੇ ਨਾਲ ਜੁੜਿਆ ਹੋਇਆ ਹੈ ਪੰਜਾਬੀ ਮਾਂ ਬੋਲੀ ਦੀ ਸੇਵਾ ਆਪਣੀ ਸਾਹਿਤਕ ਦ੍ਰਿਸ਼ਟੀ ਤੋਂ ਕਰਦਾ ਹੋਇਆ ਸਾਹਿਤਕ ਧਾਰਮਿਕ ਤੇ ਚੰਗੀ ਗਾਇਕੀ ਦੇ ਰਾਹੀਂ ਗੀਤ ਵੀ ਪੇਸ਼ ਕਰਦਾ ਆ ਰਿਹਾ ਹੈ।

ਮੌਜੂਦਾ ਸਮੇਂ ਧਾਰਮਿਕ ਗੀਤ ਨੀਲਾ ਘੋੜਾ ਲੈ ਕੇ




ਸੁਖਵਿੰਦਰ ਸਨੇਹ ਸੰਗਤਾਂ ਦੇ ਸਨਮੁਖ ਹੋਇਆ ਹੈ ਜਿਸ ਤਰ੍ਹਾਂ ਗੀਤ ਦਾ ਨਾਮ ਨੀਲਾ ਘੋੜਾ ਹੈ ਉਸ ਤੋਂ ਸਹਿਜੇ ਹੀ ਪਤਾ ਲੱਗਦਾ ਹੈ ਕਿ ਇਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾ ਨਾਲ ਜੋੜਦੀ ਹੈ। ਨੀਲਾ ਘੋੜਾ ਗੀਤ ਨੂੰ ਸੁਖਵਿੰਦਰ ਸਨੇਹ ਨੇ ਖੁਦ ਹੀ ਖੂਬਸੂਰਤ ਸ਼ਬਦਾਂ ਦੇ ਨਾਲ ਕਲਮਬੱਧ ਕੀਤਾ ਹੈ ਤੇ ਆਪਣੀ ਸ਼ਾਨਦਾਰ ਜਾਨਦਾਰ ਆਵਾਜ਼ ਨਾਲ ਗਾਇਆ ਵੀ ਹੈ। ਇਸ ਗੀਤ ਨੂੰ ਸੰਗੀਤਕਾਰ ਕਰਨ ਪ੍ਰਿੰਸ ਨੇ ਆਪਣੀਆਂ ਸੰਗੀਤਕ ਧੁਨਾਂ ਰਾਹੀਂ ਵਧੀਆ ਸੰਗੀਤ ਨਾਲ ਸ਼ਿੰਗਾਰਿਆ ਹੈ ਵੀਡੀਓ ਰਾਏ ਮੇਕਰ ਵੱਲੋਂ ਬਣਾਈ ਹੈ। ਸੁਖਵਿੰਦਰ ਸਨੇਹ ਨੇ ਆਪਣੇ ਸਾਥੀ ਗਾਇਕ ਕਲਾਕਾਰਾਂ ਦੇ ਨਾਲ ਰਾਏ ਮਸ਼ਵਰੇ ਤੇ ਮਿਹਨਤ ਤੋਂ ਬਾਅਦ ਇਹ ਗੀਤ ਸਾਡੇ ਸਾਹਮਣੇ ਲਿਆਂਦਾ ਹੈ। ਸਨੇਹ ਉਚੇਚੇ ਤੌਰ ਉੱਤੇ ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਡਾਕਟਰ ਅਮਨਦੀਪ ਸਿੰਘ ਟੱਲੇਵਾਲੀਆ ਜੋ ਬਰਨਾਲਾ ਦੀਆਂ ਸਾਹਿਤਕ ਸ਼ਖਸੀਅਤਾਂ ਹਨ ਉਹਨਾਂ ਦਾ ਧੰਨਵਾਦੀ ਹੈ ਜਿਨਾਂ ਵਿਸ਼ੇਸ਼ ਸਹਿਯੋਗ ਇਸ ਗੀਤ ਵਿੱਚ ਹੈ। ਇਸ ਤੋਂ ਇਲਾਵਾ ਗਾਇਕ ਗੀਤ ਗੁਰਜੀਤ, ਪਰਮਿੰਦਰ ਅਲਬੇਲਾ, ਗੀਤਕਾਰ ਹਾਕਮ ਰੂੜੇਕੇ ਜਿਹੇ ਸੱਜਣਾਂ ਤੇ ਸਾਥੀਆਂ ਸਦਕਾ ਇਹ ਗੀਤ ਸਾਡੇ ਸਾਹਮਣੇ ਆਇਆ ਹੈ। ਬਰਨਾਲਾ ਦੀ ਤਪਾ ਤਹਿਸੀਲ ਦੇ ਰੂੜੇਕੇ ਕਲਾ ਪਿੰਡ ਦਾ ਵਸਨੀਕ ਸੁਖਵਿੰਦਰ ਸਨੇਹ ਲੰਬੇ ਸਮੇਂ ਤੋਂ ਸਾਹਿਤ ਸਭਾਵਾਂ ਸਾਹਿਤਕ ਗੋਸ਼ਟੀਆਂ ਦੇ ਵਿੱਚੋਂ ਬਹੁਤ ਕੁਝ ਸਿੱਖਦਾ ਹੋਇਆ ਇਕ ਚੰਗੇ ਸਾਹਿਤਕਾਰ ਗੀਤਕਾਰ ਦੇ ਤੌਰ ਉੱਤੇ ਸਮੇਂ ਸਮੇਂ ਉੱਤੇ ਕੋਈ ਨਾ ਕੋਈ ਚੰਗਾ ਗੀਤ ਅਕਸਰ ਹੀ ਲੈ ਕੇ ਆਉਂਦਾ ਰਹਿੰਦਾ ਹੈ।

ਆਓ ਦੁਆ ਕਰੀਏ ਕਿ ਸੁਖਵਿੰਦਰ ਸਨੇਹ ਦੀ ਕਲਮ ਇਸੇ ਤਰ੍ਹਾਂ ਚਲਦੀ ਰਹੇ ਸਾਫ ਸੁਥਰੀ ਗਾਇਕੀ ਸਰੋਤਿਆਂ ਤੱਕ ਪਹੁੰਚਦੀ ਰਹੇ। ਨੀਲਾ ਘੋੜਾ ਗੀਤ ਸੁਣ ਕੇ ਇਤਿਹਾਸ ਨਾਲ ਵੀ ਜੁੜੀਏ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪਿੰਡ ਆਦਰਮਾਨ ਦੀ ਪੰਚਾਇਤ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਧੀਆਂ ਦੀ ਲੋਹੜੀ ਪਾਈ,ਸੀਮਾ ਨੂੰ ਕੰਗਨ ਪਾ ਕੇ ਕੀਤਾ ਸਨਮਾਨਤ

**ਮਹਿਤਪੁਰ, (ਪੱਤਰ ਪ੍ਰੇਰਕ)**- ਪਿੰਡ ਆਦਰਮਾਨ ਦੀ ਪੰਚਾਇਤ ਅਤੇ ਪਿੰਡ ਦੇ ਸਮੂਹ ਲੋਕਾਂ ਵੱਲੋਂ ਪਿੰਡ ਆਦਰਮਾਨ ਵਿਖੇ ਲੜਕੀਆਂ ਦੀ ਲੋੜੀ ਮਨਾਈ ਗਈ , ਜਿਸ ਵਿਚ ਪਿੰਡ ਵੱਲੋਂ ਇਕ ਲੜਕੀ ਸੀਮਾ ਦੇ ਕੰਗਣ ਪਾ ਕੇ ਪਿੰਡ ਦੀ ਪੰਚਾਇਤ ਅਤੇ ਪਿੰਡ ਦੇ ਲੋਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਪਿੰਡ ਦੇ ਸਰਪੰਚ ਬਖਸ਼ੀਸ਼ ਸਿੰਘ, ਕਾਮਰੇਡ ਸਤਪਾਲ ਸਹੋਤਾ, ਬੀਬੀ ਬਲਵੰਤ ਕੌਰ ਮੁੱਖ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਮਨਰੇਗਾ ਵਰਕਰਾਂ ਦੇ ਆਗੂ ਚਰਨਜੀਤ ਸਿੰਘ ਥੰਮੂਵਾਲ ਅਤੇ ਕਾਮਰੇਡ ਸਹੋਤਾ ਨੇ ਕਿਹਾ ਕਿ ਪਿੰਡ ਦੇ ਲੋਕਾਂ ਵੱਲੋਂ ਲੜਕੀਆਂ ਦੀ ਲੋੜੀ ਮਨਾਉਣਾ ਇਕ ਸ਼ਲਾਗਾ ਯੋਗ ਕਦਮ ਹੈ। ਇਸ ਮੌਕੇ ਤੇ ਚਰਨਜੀਤ ਸਿੰਘ ਥੰਮੂਵਾਲ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਦੀਆਂ ਔਰਤਾਂ ਨੂੰ 1100 ਰੁਪਏ ਜੋ ਦੇਣ ਦੀ ਗਰੰਟੀ ਦਿੱਤੀ ਗਈ ਸੀ ਸਰਕਾਰ ਨੂੰ



ਤੁਰੰਤ ਲਾਗੂ ਕਰਨਾ ਚਾਹੀਦੀ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਔਰਤਾਂ ਨੂੰ ਦਿੱਤੀਆਂ ਗਰੰਟੀਆਂ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ ਹਨ ਤੇ ਨਾ ਹੀ ਮਨਰੇਗਾ ਵਰਕਰਾਂ ਨੂੰ ਕੰਮ ਦਿੱਤਾ ਜਾ ਰਿਹਾ ਹੈ ਆਗੂਆਂ ਨੇ ਲੋੜੀ ਦੇ ਮੌਕੇ ਤੇ ਮਨਰੇਗਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿਚ ਮਨਰੇਗਾ ਵਰਕਰਾਂ ਨੂੰ ਜੇ ਸਮੇਂ ਸਿਰ ਕੰਮ ਮਿਲੇਗਾ ਤਾਂ ਹੀ ਚੁੱਲਿਆਂ ਵਿਚ ਅੱਗ ਬਲ ਸਕਦੀ ਹੈ ਆਗੂਆਂ ਨੇ ਇਸ ਮੌਕੇ ਤੇ ਕਿਹਾ ਜਿੱਥੇ ਅਸੀਂ ਇਕੱਠ ਕਰਕੇ ਲੋਹੜੀ ਮਨਾ ਰਹੇ ਹਾਂ ਉੱਥੇ ਸਾਨੂੰ ਔਰਤਾਂ ਨਾਲ ਹੁੰਦੀਆਂ ਬੇਇਨਸਾਫੀਆਂ ਲਈ ਵੀ ਇਕੱਠੇ ਹੋਣਾ ਚਾਹੀਦਾ ਹੈ। ਕਾਮਰੇਡ ਥੰਮੂਵਾਲ ਨੇ ਕਿਹਾ ਮੌਜੂਦਾ ਸਰਕਾਰ ਵੱਲੋਂ ਨਾ ਤਾਂ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ ਤੇ ਨਾ ਹੀ ਬੇਰੁਜ਼ਗਾਰੀ ਭੱਤਾ ਦਿੱਤਾ ਜਾ ਰਿਹਾ ਹੈ। ਵਿਧਵਾ ਔਰਤਾਂ ਨੂੰ ਪੈਨਸ਼ਨ ਵਿਚ ਵਾਧਾ ਵੀ ਨਹੀਂ ਕੀਤਾ ਜਾ ਰਿਹਾ । ਉਨ੍ਹਾਂ ਕਿਹਾ ਸਾਨੂੰ ਇਸ ਇਸ ਗੱਲ ਦਾ ਵੀ ਪ੍ਰਣ ਕਰਨਾ ਚਾਹੀਦਾ ਹੈ ਕਿ ਸਰਕਾਰ ਵੱਲੋਂ ਬਣਾਏ ਹੋਏ ਮਨਰੇਗਾ ਕਾਨੂੰਨ ਲਈ ਸੰਘਰਸ਼ ਕਰਨਾ ਚਾਹੀਦਾ ਹੈ ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਅਮਨ ਰਣਜੀਤ ਰਿੰਪੀ ਅਤੇ ਬਲਦੇਵ ਸਿੰਘ ਮਰੋਕ ਵੀ ਹਾਜ਼ਰ ਸਨ।

# ਕਿਸਾਨ ਲੋਹੜੀ ਤੇ ਭੁਗਿਆ ਵਿਚ ਕਾਲੇ ਕਾਨੂੰਨ ਦੀਆਂ ਕਾਪੀਆਂ ਸਾੜਨ - ਨਰਿੰਦਰ ਸਿੰਘ ਬਾਜਵਾ

**ਮਹਿਤਪੁਰ (ਪੱਤਰ ਪ੍ਰੇਰਕ)**- ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਕੌਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ ਨੇ ਕਿਸਾਨ ਵੀਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਵਾਰ ਲੋਹੜੀ ਤੇ ਪਾਏ ਭੁਗੇ ਵਿਚ ਕਾਲੇ ਕਾਨੂੰਨ ਦੀਆਂ ਕਾਪੀਆਂ ਸਾੜੀਆਂ ਜਾਣ। ਉਨ੍ਹਾਂ ਕਿਹਾ ਕਿ ਇਹ ਪ੍ਰਚਲਤ ਪਰੰਪਰਾ ਹੈ ਕਿ ਲੋਹੜੀ ਤੇ ਦਲਿਦਰ ਸਾੜਿਆ ਜਾਂਦਾ ਹੈ ਲੋਕ ਅਗਨੀ ਦੇਵਤਾ ਅੱਗੇ ਪ੍ਰਾਰਥਨਾ ਕਰਦੇ ਹਨ ਕਿ ਆਉਣ ਵਾਲਾ ਸਮਾਂ ਖੁਸ਼ੀਆਂ ਖੇੜਿਆ ਨੂੰ ਲੈ ਕੇ ਆਵੇ। ਦੁਖ ਦਲਿਦਰ ਮਿਟਾਵੇ, ਬਾਜਵਾ



ਨੇ ਕਿਹਾ ਕਿ ਕਿਸਾਨੀ ਲਈ ਸਭ ਤੋਂ ਵੱਡਾ ਦਲਿਦਰ ਸੈਂਟਰ ਸਰਕਾਰ ਵੱਲੋਂ ਲਿਆਂਦੇ ਕਾਲੇ ਕਾਨੂੰਨ ਦਾ ਖਰੜਾ ਹੈ। ਇਸ ਕਨੂੰਨ ਨੂੰ ਕਿਸੇ ਕੀਮਤ ਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਸਰਕਾਰਾਂ ਦੀਆਂ ਕਿਸਾਨ ਮਾਰੂ ਨੀਤੀਆਂ ਦੀ ਤਰਜਮਾਨੀ ਕਰਦੀਆਂ ਇਹ ਕਾਲੇ ਕਾਨੂੰਨ ਦੀਆਂ ਕਾਪੀਆਂ ਨੂੰ ਲੋਹੜੀ ਤੇ ਬਲਦੇ ਪੁੱਗਿਆ ਵਿਚ ਸਾੜਿਆ ਜਾਵੇ ਅਤੇ ਪਰਮਾਤਮਾ ਦੇ ਚਰਨਾਂ ਵਿਚ ਅਰਦਾਸ ਕੀਤੀ ਜਾਵੇ। ਕਿ ਆਉਣ ਵਾਲਾ ਸਮਾਂ ਕਿਸਾਨਾਂ ਦੀ ਜਿੱਤ ਦਾ ਹੋਵੇ। ਸੱਚ ਦਾ ਬੋਲਬਾਲਾ ਹੋਵੇ ਅਤੇ ਝੂਠ ਦਾ ਮੂੰਹ ਕਾਲਾ ਹੋ ਜਾਵੇ। ਬਾਜਵਾ ਨੇ ਬਜ਼ੁਰਗ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਚੜਦੀਕਲਾ ਲਈ ਅਰਦਾਸ ਕਰਨ ਦੀ ਵੀ ਅਪੀਲ ਕੀਤੀ।

# ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ

**ਫਿਲੌਰ/ਅੱਪਰਾ (ਦੀਪਾ)**- ਸਥਾਨਕ ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਵਿਖੇ ਲੋਹੜੀ ਦਾ ਸਕੂਲ ਦੇ ਸਮੂਹ ਵਿਦਿਆਰਥੀਆਂ ਤੇ ਸਮੂਹ ਸਟਾਫ਼ ਵਲੋਂ ਪ੍ਰਿੰਸੀਪਲ ਕੁਰਨੇਸ਼ ਨੰਦਾ ਦੀ ਅਗਵਾਈ ਹੇਠ ਧੂਮਧਾਮ ਨਾਲ ਮਨਾਇਆ ਗਿਆ । ਇਸ ਮੌਕੇ ਵਿਦਿਆਰਥੀਆਂ ਨੇ ਪੰਜਾਬੀ ਲੋਕ ਨਾਚ ਜਿਵੇਂ ਗਿੱਧਾ ਤੇ ਭੰਗੜਾ, ਲੋਕ ਬੋਲੀਆਂ ਤੇ ਹੋਰ ਕਲਾਕਾਰੀਆਂ ਪੇਸ਼ ਕੀਤੀਆਂ । ਇਸ ਮੌਕੇ ਸਕੂਲ ਦੇ ਡਾਇਰੈਕਟਰ ਸ੍ਰੀ ਸੰਦੀਪ ਰਾਣਾ



ਨੇ ਲੋਹੜੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ । ਇਸ ਮੌਕੇ ਮੈਡਮ ਦਲਜਿੰਦਰ ਕੌਰ, ਮਨਪ੍ਰੀਤ ਕੌਰ, ਸੁਖਜੀਤ ਕੌਰ, ਪਰਮਜੀਤ ਕੌਰ, ਪ੍ਰੀਤੀ, ਪ੍ਰਿਆ ਤੇ ਸਮੂਹ ਵਿਦਿਆਰਥੀ ਵੀ ਹਾਜ਼ਰ ਸਨ ।

# ਸਬ ਇੰਸਪੈਕਟਰ ਸਾਹਿਬ ਮੀਤ ਸਿੰਘ ਚੌਂਕੀ ਇੰਚਾਰਜ ਅੱਪਰਾ ਨੂੰ ਅਹੁਦਾ ਸੰਭਾਲਣ ਮੌਕੇ ਕੀਤਾ ਸਨਮਾਨਿਤ

**ਫਿਲੌਰ/ਅੱਪਰਾ (ਦੀਪਾ)**- ਪੁਲਿਸ ਚੌਂਕੀ ਅੱਪਰਾ ਦਾ ਅਹੁਦਾ ਸੰਭਾਲਣ ਮੌਕੇ ਸਬ ਇੰਸਪੈਕਟਰ ਸਾਹਿਬ ਮੀਤ ਸਿੰਘ ਨੂੰ ਇਲਾਕੇ ਦੇ ਮੋਹਤਬਰਾਂ ਤੇ ਪਤਵੰਤੇ ਸੱਜਣਾਂ ਵਲੋਂ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਬੋਲਦਿਆਂ ਸਬ ਇੰਸਪੈਕਟਰ ਸਾਹਿਬ ਮੀਤ ਸਿੰਘ ਚੌਂਕੀ ਇੰਚਾਰਜ ਅੱਪਰਾ ਨੇ ਕਿਹਾ ਕਿ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਇਲ-ਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਅੱਪਰਾ ਇਲਾਕੇ 'ਚ ਨਸ਼ਾ ਤਸਕਰਾਂ ਨੂੰ ਨਸ਼ਾ ਨਹੀਂ ਵੇਚਣ ਦਿੱਤਾ ਜਾਵੇਗਾ । ਇਸ ਮੌਕੇ ਉਨਾਂ ਇਲਾਕੇ ਦੇ ਦੁਕਾਨਦਾਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਖੂਨੀ ਚਾਈਨਾ ਡੋਰ ਦੀ ਵਿਕਰੀ ਨਾ ਕਰਨ ਨਹੀਂ ਤਾਂ ਉਨਾਂ ਦੇ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ । ਉਨਾਂ ਇਲਾਕੇ ਦੇ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਕਾਰਣ ਬਜ਼ਾਰਾਂ 'ਚ ਗੇੜੀਆਂ



ਨਾ ਮਾਰਨ ਤੇ ਬਿਨਾਂ ਕਾਗਜ਼ਾਤ ਵਾਲੇ ਵਾਹਨ ਚਾਲਕਾਂ ਦੇ ਖਿਲਾਫ਼ ਪੁਲਿਸ ਪ੍ਰਸ਼ਾਸ਼ਨ ਵਲੋਂ ਵਿਸ਼ੇਸ਼ ਨਾਕੇ ਲਗਾ ਕੇ ਸਖਤ ਕਾਰਵਾਈ ਕੀਤੀ ਜਾਵੇਗੀ । ਇਸ ਮੌਕੇ ਵਿਨੋਦ ਭਾਰਦਵਾਜ ਮੋਂਰੋਂ, ਵਿੱਕੀ ਢੀਂਡਸਾ (ਯੂ.ਕੇ), ਗੁਰਮੱਖ ਢੀਂਡਸਾ, ਬੂਟਾ ਸਿੰਘ ਨੰਬਰਦਾਰ, ਜਸਵਿੰਦਰ ਸਿੰਘ ਏ. ਐੱਸ. ਆਈ, ਤਾਰੀ ਢੀਂਡਸਾ, ਹਰਕੇਸ਼ ਕੁਮਾਰ ਤੇ ਸਰਬਜੀਤ ਸਿੰਘ ਸੱਬਾ (ਪੰਜਾਬ ਹੋਮਗ-ਾਰਡ) ਵੀ ਹਾਜ਼ਰ ਸਨ ।

# ਜੀ ਡੀ ਗੋਇਨਕਾ ਸਕੂਲ 'ਚ ਵਿਦਿਆਰਥੀਆਂ ਨੇ ਮਨਾਇਆ ਲੋਹੜੀ ਦਾ ਤਿਉਹਾਰ

**ਕਪੂਰਥਲਾ, (ਕੌੜਾ)–** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਲੋਹੜੀ ਦਾ ਤਿਉਹਾਰ ਬਹੁਤ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ। ਸਮਾਗਮ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ , ਸਕੱਤਰ ਸ਼੍ਰੀਮਤੀ ਪਰਮਿੰਦਰ ਕੌਰ , ਪ੍ਰਿੰਸੀਪਲ ਸ਼੍ਰੀਮਤੀ ਊਸ਼ਾ ਪਰਮਾਰ ਅਤੇ ਸਮੂਹ ਸਟਾਫ ਨੇ ਲੋਹੜੀ ਦੀ ਪਵਿੱਤਰ ਅਗਨੀ ਵਿਚ ਤਿਲ, ਗੁੜ, ਮੂੰਗਫਲੀ, ਰੇਵੜੀ ਪਾ ਕੇ ਕੀਤੀ। ਇਸ ਮੌਕੇ ਸਕੂਲ 'ਚ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ । ਜਿਸ 'ਚ ਪਹਿਲੀ ਤੋਂ ਦੂਜੀ ਸ਼੍ਰੇਣੀ ਦੇ ਵਿਦਿਆਰਥੀ ਪੰਜਾਬੀ ਪਹਿਰਾਵੇ 'ਚ ਸਕੂਲ ਪਹੁੰਚੇ। ਸਕੂਲ ਦੇ ਵਿਦਿਆਰਥੀਆਂ ਨੇ ਲੋਹੜੀ ਨਾਲ ਸਬੰਧਤ ਕਵਿਤਾ, ਗੀਤ, ਭਾਸ਼ਣ ਤੇ ਸੱਭਿਆਚਾਰਕ ਲੋਕ ਨਾਚ ਪੇਸ਼ ਕਰ ਕੇ ਖੂਬ ਰੰਗ ਬੰਨ੍ਹਿਆ। ਉਪਰੰਤ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ



ਮੂੰਗਫਲੀ ਅਤੇ ਰਿਉੜੀਆਂ ਵੰਡੀਆਂ ਗਈਆਂ। ਚੇਅਰਮੈਨ ਸਰਦਾਰ ਸੁਖਦੇਵ ਸਿੰਘ ਅਤੇ ਪ੍ਰਿੰਸੀਪਲ ਸ਼੍ਰੀਮਤੀ ਊਸ਼ਾ ਪਰਮਾਰ ਨੇ ਵਿਦਿਆਰਥੀਆਂ ਨੂੰ ਪੰਜਾਬੀ ਵਿਰਸੇ ਤੋਂ ਜਾਣੂ ਕਰਵਾਇਆ ਅਤੇ ਲੋਹੜੀ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਪਿਆਰ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਸਾਨੂੰ ਸਾਰਿਆਂ ਨੂੰ ਮਿਲਜੁਲ ਕੇ ਇਸ ਤਿਉਹਾਰ ਨੂੰ ਮਨਾਉਣਾ ਚਾਹੀਦਾ ਹੈ। ਅੰਤ ਵਿੱਚ ਉਨ੍ਹਾਂ ਨੇ ਸਮੂਹ ਸਟਾਫ਼ ਨੂੰ ਲੋਹੜੀ ਅਤੇ ਮੱਕਰ ਸੰਕ੍ਰਾਂਤੀ ਦੀ ਵਧਾਈ ਦਿੱਤੀ।

# ਪਰਿਵਾਰਕ ਮਿਲਣੀ ਸਮਾਗਮ ਵਿੱਚ ਹੋਇਆ ਜਾਦੂ ਸ਼ੋਅ ਹੋਇਆ

- **ਪਰਿਵਾਰਕ ਮਿਲਣੀ ਵਰਗੇ ਪਰਿਵਾਰਕ ਸਾਂਝ ਦੇ ਪ੍ਰੋਗਰਾਮ ਹੁੰਦੇ ਰਹਿਣੇ ਚਾਹੀਦੇ ਹਨ---ਡਾਕਟਰ ਖੰਗਵਾਲ**
- **ਪਰਿਵਾਰਕ ਮਿਲਣੀ ਆਪਸੀ ਭਾਈਚਾਰਕ ਸਾਂਝ, ਪਿਆਰ , ਸਹਿਯੋਗ ਲਈ ਅਤੀ ਲਾਭਦਾਇਕ -ਮਾਸਟਰ ਪਰਮਵੇਦ**







**ਸੰਗਰੂਰ ।** ਅੱਜ ਸਥਾਨਕ ਅਫਸਰ ਕਲੋਨੀ ਪਾਰਕ ਵਿਖੇ ਪਾਰਕ ਦੀ ਚੌਥੀ ਵਰ੍ਹੇ ਗੰਢ ਤੇ ਨਵੇਂ ਸਾਲ ਦੀ ਖੁਸ਼ੀ ਵਿੱਚ ਪਰਿਵਾਰਕ ਮਿਲਣੀ ਸਮਾਗਮ ਕੀਤਾ ਗਿਆ।ਇਸ ਦੇ ਮੁੱਖ ਮਹਿਮਾਨ ਡਾਕਟਰ ਓਮਪ੍ਰਕਾਸ਼ ਖੰਗਵਾਲ ਸਨ। ਪਾਰਕ ਵੈਲਫੇਅਰ ਕਮੇਟੀ ਦੇ ਪ੍ਰਧਾਨ ਮਾਸਟਰ ਪਰਮ ਵੇਦ ਨੇ ਇਸ ਵਿੱਚ ਸ਼ਾਮਲ ਸਾਰਿਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਦਾ ਉਦੇਸ਼ ਭਾਈਚਾਰਕ ਸਾਂਝ ਨੂੰ ਪੱਕੀ ਕਰਨਾ , ਆਪਸੀ ਪ੍ਰੇਮ ਪਿਆਰ ਮਿਲਵਰਤਨ , ਸਹਿਯੋਗ ਤੇ ਪਾਰਕ ਪ੍ਰਤੀ ਲਗਾਓ ਵਧਾਉਣਾ ਹੈ।ਇਸ ਵਿੱਚ 100 ਦੇ ਲਗ ਭਗ ਪਰਿਵਾਰਾਂ ਨੇ ਭਾਗ ਲਿਆ । ਜਗਦੇਵ ਕੰਮੋਮਾਜਰਾ ਨੇ ਜਾਦੂ ਸ਼ੋਅ ਪੇਸ਼ ਕੀਤਾ।ਆਪਣੀ ਪੇਸ਼ਕਾਰੀ ਰਾਹੀਂ ਸਾਰਿਆਂ ਦਾ ਖ਼ੂਬ ਮਨੋਰੰਜਨ ਕੀਤਾ।ਉਨ੍ਹਾਂ ਨੇ ਕਿਹਾ ਕਿ ਜਾਦੂ ਇੱਕ ਕਲਾ ਹੈ,ਹੱਥ ਦੀ ਸਫਾਈ ਹੈ,ਚਮਤਕਾਰ ਨਹੀਂ। ਮੁੱਖ ਮਹਿਮਾਨ ਡਾਕਟਰ ਓਮਪ੍ਰਕਾਸ਼ ਖੰਗਵਾਲ ਨੇ ਪਰਿਵਾਰਕ ਮਿਲਣੀ ਤੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਇਸ ਨੂੰ ਆਪਸੀ ਮਿਲਵਰਤਣ ਲਈ ਲਾਭਦਾਇਕ ਦੱਸਦਿਆਂ ਕਿਹਾ ਕਿ ਅਜਿਹੇ ਸਾਂਝ ਦੇ ਪ੍ਰੋਗਰਾਮ ਹੁੰਦੇ ਰਹਿਣੇ ਚਾਹੀਦੇ ਹਨ।ਇਸ ਪਰਿਵਾਰਕ ਮਿਲਣੀ ਵਿੱਚ ਐਡਵੋਕੇਟ ਕੁਲਦੀਪ ਜੈਨ, ਐਡਵੋਕੇਟ ਹਰਿੰਦਰ ਸਿੰਗਲਾ,ਜੰਗ ਸਿੰਘ ,ਇਨਸਪੈਕਟਰ ਵਰਿੰਦਰ ਸ਼ਰਮਾ , ਇੰਸਪੈਕਟਰ ਗੁਰਮੇਲ ਸਿੰਘ, ਲੈਕਚਰਾਰ ਜਸਵਿੰਦਰ ਸਿੰਘ ,ਰਜਿੰਦਰ ਛਾਬੜਾ ਮੈਨੇਜਰ, ਸੋਮਨਾਥ , ਪ੍ਰੇਮ ਖੁਰਾਣਾ, ਰਮੇਸ਼ ਕੁਮਾਰ,ਭੁਪਿੰਦਰ ਜੈਨ, ਅਤੁੱਲ ਜੈਨ,ਵਰਿੰਦਰ ਬਾਂਸਲ,ਸੁਭਾਸ਼ ਬਾਂਸਲ ਐਸ ਡੀ ਓ (ਸੇਵਾ ਨਿਵਿਰਤ) , ਰਜਸਥਾਨੀ ਪ੍ਰੇਮ ਪ੍ਰੀਹਾਰ ,ਮਹਾਂਵੀਰ, ਅਨਾਮੀ ਦੇ ਪਰਿਵਾਰਾਂ ਤੋਂ ਇਲਾਵਾ , ਰਾਜੇਸ਼ ਕੁਮਾਰ,ਵਿਸ਼ਾਲ ਗਰਗ,ਅੱਪੂ,ਨਰੇਸ਼ ਕੁਮਾਰ ਸੈਕਟਰੀ ,ਇੰਦਰਜੀਤ ਸਿੰਘ ਰਾਓ, , ਰਣਦੀਪ ਰਾਓ, ਪ੍ਰੋਫੈਸਰ ਸੁਖਜੀਤ ਸਿੰਘ ਧਾਲੀਵਾਲ, ਗੁਰਜੀਤ ਸਿੰਘ ਜੀਤੀ, ਦਰਸ਼ਨ ਰੀਡਰ ,ਸੰਦੀਪ ਸੈਣੀ, ਦਰਸ਼ਨ ਸਿੰਘ ਤਹਿਸੀਲਦਾਰ, ਵਿਸ਼ਾਲ ਮਨੋਚਾ, ਗੁਰਮੇਲ ਸਿੰਘ ਸਿੱਧੂ, ,ਸਾਹਿਲ ਵੋਹਰਾ, ਡਾਕਟਰ ਹਰਦੀਪ ਸਿੰਘ, ਭੁਪਿੰਦਰ ਸਿੰਘ ਜੇ ਈ,ਹੀਰਾ ਸਿੰਘ ਜੇ ਈ, ਨਰਿੰਦਰ ਕੁਮਾਰ,ਅਮਰੀਕ ਸਿੰਘ ਖੋਖਰ ਆਦਿ ਦੇ ਪਰਿਵਾਰਾਂ ਨੇ ਸ਼ਮੂਲੀਅਤ ਕਰਕੇ ਆਪਣੇ ਤੇ ਆਪਣੇ ਪਰਿਵਾਰ ਵਾਰੇ ਜਾਣਕਾਰੀ ਦਿੱਤੀ।ਇਸ ਮੌਕੇ ਇਸ ਸਾਲ ਵਿਆਹ ਵੰਦਨ ਵਿੱਚ ਵੱਝੇ ਬੱਚੇ ਨਿਖਿਲ ਮਦਾਨ ਤੇ ਅਕਾਂਕਸ਼ਾ ਮਦਾਨ ਨੂੰ ਸਨਮਾਨਿਤ ਕਰਦਿਆਂ ਉਨਾਂ ਦੇ ਅਤੀ ਖੁਸ਼, ਖੁਸ਼ਹਾਲ , ਪਿਆਰ ਮਈ ਜੀਵਨ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਕੌਮੀ ਰੋਲਰ ਹਾਕੀ ਸਕੇਟਿੰਗ ਕੋਇੰਬਟੂਰ (ਤਾਮਿਲਨਾਡੂ) ਵਿੱਚ ਸੋਨ ਤਮਗਾ ਜੇਤੂ ਜਪਨਜੋਤ ਰਾਓ ਤੇ ਆਈ ਆਈ ਟੀ ਰੋਪੜ ਵਿਖੇ ਬੀ ਟੈਕ ਇਲੈਕਟਰੀਕਲ, ਇਲੈਕਟ੍ਰਾਨਿਕ ਵਿੱਚ ਦਾਖ਼ਲਾ ਮਿਲਣ ਦੀ ਖੁਸ਼ੀ ਵਿੱਚ ਵਿਸ਼ਾਲ ਮਨੋਚਾ ਦੇ ਸਪੁੱਤਰ ਵੀਰਾਜ਼ ਮਨੋਚਾ ਨੂੰ ਸਨਮਾਨਿਤ ਕੀਤਾ ਗਿਆ ਤੇ ਇਨ੍ਹਾਂ ਦੇ ਵਧੀਆ ਭਵਿੱਖ ਦੀ ਕਾਮਨਾ ਕੀਤੀ ਗਈ।ਇਸ ਸਮਾਗਮ ਨੂੰ ਸਫਲਤਾ ਪੂਰਨ ਸੰਪੰਨ ਕਰਨ ਵਿੱਚ ਪਰਿਵਾਰਕ ਮਿਲਣੀ ਦੇ ਪ੍ਰਬੰਧਕਾਂ ਐਡਵੋਕੇਟ ਕੁਲਦੀਪ ਜੈਨ,ਰਣਦੀਪ ਸਿੰਘ ਰਾਓ, ਬੀਟੂ ਝੱਜ, ਭੁਪਿੰਦਰ ਸਿੰਘ ਜੇ ਈ, ਵਿਸ਼ਾਲ ਗਰਗ,ਕਰਿਸ਼ਨ ਸਿੰਘ,ਸੁਨੀਤਾ ਰਾਣੀ, ਬਲਜਿੰਦਰ ਕੌਰ, ਕੁਲਵਿੰਦਰ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਹਿਯੋਗ ਦੇਣ ਲਈ ਸਭ ਦਾ ਧੰਨਵਾਦ ਕੀਤਾ ਗਿਆ।ਅਫਸਰ ਕਲੋਨੀ ਦੇ ਸਾਬਕਾ ਸਰਪੰਚ ਤੇ ਮੌਜੂਦਾ ਐਮ ਸੀ ਸੁਰਿੰਦਰ ਸਿੰਘ ਭਿੰਡਰ ਨੇ ਮਿਲਣੀ ਵਿੱਚ ਸਾਮਲ ਸਾਰਿਆਂ ਦਾ ਧੰਨਵਾਦ ਕਰਦਿਆਂ ਪਾਰਕ ਦੇ ਵਿਕਾਸ ਵਿੱਚ ਹਰ ਤਰ੍ਹਾਂ ਦਾ ਸਹਿਯੋਗ ਕਰਨ ਦਾ ਵਿਸਵਾਸ਼ ਦਵਾਇਆ। ਕਲੋਨੀ ਨੂੰ ਸਾਫ਼ ਸੁਥਰਾ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਵਲੋਂ ਆਰਥਿਕ ਸਹਾਇਤਾ ਵੀ ਦਿੱਤੀ ਗਈ।ਪਾਰਕ ਪ੍ਰਬੰਧਕ ਕਮੇਟੀ ਦੇ ਵਿੱਤ ਸਕੱਤਰ ਲੈਕਚਰਾਰ ਕਰਿਸ਼ਨ ਸਿੰਘ ਨੇ ਪਾਰਕ ਦੇ ਵਿਕਾਸ ਲਈ ਆਰਥਿਕ ਸਹਿਯੋਗ ਕਰਨ ਵਾਲੇ ਤੇ ਮਿਲਣੀ ਵਿੱਚ ਸ਼ਾਮਲ ਸਾਰੇ ਪਰਿਵਾਰਾਂ ਦਾ ਧੰਨਵਾਦ ਕੀਤਾ। ਸਮਾਗਮ ਆਪਣੀ ਮੂਲ ਭਾਵਨਾ ਵਿੱਚ ਸਫਲ ਰਿਹਾ।

**ਮਾਸਟਰ ਪਰਮ ਵੇਦ**
**9417422349**

## ਮਿਸ਼ਨਰੀ ਗਾਇਕ ਰੂਪ ਲਾਲ ਧੀਰ "ਤੇਰੇ ਹੁੰਦਿਆਂ ਕਦੇ ਨਾ ਡੋਲਾਂਗੇ" ਟ੍ਰੈਕ ਨਾਲ ਹੋਇਆ ਹਾਜ਼ਰ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)**-ਤਾਜ ਇੰਟਰਟੇਨਮੈਂਟ ਅਤੇ ਰੱਤੂ ਰੰਧਾਵਾ ਦੀ ਪੇਸ਼ਕਸ਼ ਵਿੱਚ ਪ੍ਰਸਿੱਧ ਮਿਸ਼ਨਰੀ ਗਾਇਕ ਰੂਪ ਲਾਲ ਧੀਰ ਆਪਣੇ ਨਵੇਂ ਟ੍ਰੈਕ "ਤੇਰੇ ਹੁੰਦਿਆਂ ਕਦੇ ਨਾ ਡੋਲਾਂਗੇ" ਨਾਲ ਇਸ ਵਾਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਤੇ ਹਾਜ਼ਰੀ ਲਗਵਾ ਰਿਹਾ ਹੈ। ਇਸ ਟ੍ਰੈਕ ਦੇ ਰਚੇਤਾ ਅਤੇ ਪੇਸ਼ਕਾਰ ਰੱਤੂ ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਿਸ਼ਨਰੀ ਰਚਨਾ ਦਾ ਸੰਗੀਤ ਅਮਦਾਦ ਅਲੀ ਨੇ ਕੀਤਾ ਹੈ, ਜਦ ਕਿ ਇਸ ਦਾ ਵੀਡੀਓ ਮੁਨੀਸ਼ ਠੁਕਰਾਲ ਵਲੋਂ ਕੀਤਾ ਗਿਆ ਹੈ । ਜੈਲੀ ਮਨਜੀਤਪੁਰੀ ਦੇ ਕੋਰਸ ਨੇ ਇਸ ਗੀਤ ਨੂੰ ਹੋਰ ਵੀ ਚਾਰ ਚੰਨ ਲਾਏ ਹਨ । ਗਾਇਕ ਰੂਪ ਲਾਲ ਧੀਰ ਸਮੇਂ ਦੇ ਨਾਲ ਚੱਲਣ ਵਾਲਾ ਸੁਲਝਿਆ ਹੋਇਆ ਗਾਇਕ ਕਲਾਕਾਰ ਹੈ। ਜਿਸ ਦੇ ਗੀਤਾਂ ਨੂੰ ਸਮਾਜਿਕ ਪੱਧਰ ਤੇ ਸੰਗਤ ਨੇ ਪਹਿਲਾਂ ਵੀ ਪੂਰਾ ਪੂਰਾ ਮਾਣ ਸਤਿਕਾਰ ਦਿੱਤਾ ਹੈ । ਦੇਸ਼ ਵਿਦੇਸ਼ ਵਿੱਚ ਗਾਇਕ ਰੂਪ ਲਾਲ ਧੀਰ ਆਪਣੀ ਗਾਇਕੀ ਰਾਹੀਂ ਇਸ ਸਮੇਂ ਸੇਵਾ ਨਿਭਾ ਰਿਹਾ ਹੈ ਅਤੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਸੰਗਤਾਂ ਵਿੱਚ ਆਪਣੇ ਮਿਸ਼ਨਰੀ ਬੋਲਾਂ ਨਾਲ ਵੰਡ ਰਿਹਾ ਹੈ । ਇਸ ਮਿਸ਼ਨਰੀ ਗੀਤ ਨੂੰ ਤਾਜ ਐਂਟਰਟੇਨਮੈਂਟ ਕੰਪਨੀ ਵੱਲੋਂ ਵੱਖ ਵੱਖ ਸੋਸ਼ਲ ਸਾਈਟਾਂ ਤੇ ਲਾਂਚ ਕਰ ਦਿੱਤਾ ਗਿਆ ਹੈ। ਇਸ ਨੂੰ ਸੰਗਤਾਂ ਅਥਾਹ ਮੁਹੱਬਤਾਂ ਦੇ ਕੇ ਨਿਵਾਜ ਰਹੀਆਂ ਹਨ ।




## ਫਿਲੌਰ ਤੇ ਗੋਰਾਇਆ ਨੂੰ 'ਫਾਟਕ ਫਰੀ' ਕਰਨ ਲਈ ਯਤਨ ਜਾਰੀ-ਰਜਿੰਦਰ ਸੰਧੂ ਫਿਲੌਰ

**ਫਿਲੌਰ/ਅੱਪਰਾ (ਦੀਪਾ)**- ਅੱਜ ਅੱਪਰਾ ਵਿਖੇ ਗੱਲਬਾਤ ਕਰਦਿਆਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸ੍ਰੀ ਰਜਿੰਦਰ ਸੰਧੂ ਫਿਲੌਰ ਨੇ ਕਿਹਾ ਕਿ ਫਿਲੌਰ ਤੇ ਗੋਰਾਇਆ ਨੂੰ ਫਾਟਕ ਫਰੀ ਕਰਨ ਲਈ ਉਨਾਂ ਦੀ ਸੰਸਥਾ 'ਫਿਲੌਰ ਫਾਟਕ ਫਰੀ' ਵਲੋਂ ਸਮੁੱਚੇ ਯਤਨ ਜਾਰੀ ਹਨ । ਉਨਾਂ ਕਿਹਾ ਕਿ ਫਿਲੌਰ ਤੇ ਗੋਰਾਇਆ ਦੇ ਰੇਲਵੇ ਫਾਟਕਾਂ ਦੇ ਕਾਰਣ ਹਲਕਾ ਫਿਲੌਰ ਦੇ ਵਸਨੀਕਾਂ ਨੂੰ ਹਰ ਸਮੇਂ ਭਾਰੀ ਪ੍ਰੇਸ਼ਾਨੀਆਂ ਦਾ ਸਾਹ-ਮਣਾ ਕਰਨ ਪੈਂਦਾ ਹੈ । ਫਿਲੌਰ ਤੇ ਗੋਰਾਇਆ ਦੇ ਰੇਲਵੇ ਫਾਟਕਾਂ ਕਾਰਣ ਨਕੋਦਰ, ਨੂਰਮਹਿਲ,



ਮਹਿਤਪੁਰ, ਜੰਡਿਆਲਾ, ਬੁੰਡਾਲਾ ਆਦਿ ਸ਼ਹਿਰਾਂ ਨੂੰ ਜਾਣ ਵਾਲੇ ਯਾਤਰੀਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਘੰਟਿਆਂ ਬੱਧੀ ਉਡੀਕ ਕਰਨੀ ਪੈਂਦੀ ਹੈ । ਇਸ ਲਈ ਦੋਵਾਂ ਸ਼ਹਿਰਾਂ ਨੂੰ ਫਾਟਕ ਫਰੀ ਕਰਵਾਉਣ ਲਈ ਉਨਾਂ ਦੇ ਸੰਸਥਾ ਦਿਨ ਰਾਤ ਯਤਨਸ਼ੀਲ ਹੈ । ਉਨਾਂ ਨੇ ਅੱਗੇ ਬੋਲਦਿਆਂ ਕਿਹਾ ਕਿ ਇਨਾਂ ਦੋਵਾਂ ਸ਼ਹਿਰਾਂ ਨੂੰ ਫਾਟਕ ਫਰੀ ਕਰਨ ਲਈ ਇਨਾਂ ਰੋਡਾਂ 'ਤੇ ਪੁਲ ਜਾਂ ਬ੍ਰਿਜ ਬਣਾ ਕੇ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਦਵਾਇਆ ਜਾ ਸਕਦਾ ਹੈ । ਉਨਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਉਨਾਂ ਦੀ ਸੰਸਥਾ ਦੇ ਅਹੁਦੇਦਾਰ ਸੰਬਧਿਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਮਿਲ ਕੇ ਇਲਾਕੇ ਦੇ ਲੋਕਾਂ ਦੀ ਸਮੱਸਿਆ ਨੂੰ ਉਨਾਂ ਦੇ ਸਨਮੁੱਖ ਰੱਖ ਕੇ ਹਲ ਦੀ ਮੰਗ ਕਰਨਗੇ ।

# ਕੁਲਵਿੰਦਰ ਸਿੱਧੂ ਕਾਮੇ ਕੇ ਦੀ ਪੁਸਤਕ ਰਿਲੀਜ਼ ਅਤੇ ਗੋਸ਼ਟੀ

## ਪ੍ਰਤਿਮਾਨ ਦਾ ਨਵਾਂ ਅੰਕ ਲੋਕ- ਅਰਪਣ

**ਪਟਿਆਲਾ, (ਜਸਵੰਤ ਗਿੱਲ)** ਪ੍ਰਤਿਮਾਨ ਸਾਹਿਤਿਕ ਮੰਚ, ਪਟਿਆਲਾ ਵੱਲੋਂ ਆਪਣਾ ਪਲੇਠਾ ਸਮਾਗਮ ਪ੍ਰਭਾਤ ਪਰਵਾਨਾ ਸੈਂਟਰ, ਪਟਿਆਲਾ ਵਿਖੇ ਕੀਤਾ ਗਿਆ, ਜਿਸ ਵਿੱਚ ਨੌਜਵਾਨ ਕਵੀ ਕੁਲਵਿੰਦਰ ਸਿੱਧੂ ਕਾਮੇ ਕੇ ਦੀ ਪੁਸਤਕ "ਅਸਾਂ ਨੀ ਜੋਬਨ ਰੁੱਤੇ ਮਰਨਾ" ਨੂੰ ਰਿਲੀਜ਼ ਕੀਤਾ ਗਿਆ ਅਤੇ ਇਸ ਉਤੇ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪਿਛਲੇ 22 ਸਾਲ ਤੋਂ ਡਾ. ਅਮਰਜੀਤ ਕੌਂਕੇ ਦੀ ਸੰਪਾਦਨਾ ਹੇਠ ਨਿਰੰਤਰ ਨਿਕਲ ਰਹੇ ਸਾਹਿਤਕ ਮੈਗਜ਼ੀਨ "ਪ੍ਰਤਿਮਾਨ" ਦਾ ਤਾਜ਼ਾ ਅੰਕ ਵੀ ਪ੍ਰਧਾਨਗੀ ਮੰਡਲ ਵੱਲੋਂ ਰਿਲੀਜ਼ ਕੀਤਾ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਉੱਘੇ ਸ਼ਾਇਰ ਧਰਮ ਕੰਮੇਆਣਾ ਨੇ ਕੀਤੀ। ਮੁੱਖ ਮਹਿਮਾਨ ਵਜੋਂ ਸ. ਬੀ.ਐਸ. ਰਤਨ ਸਾਬਕਾ ਇਨਕਮ ਟੈਕਸ ਕਮਿਸ਼ਨਰ ਸ਼ਾਮਿਲ ਹੋਏ, ਵਿਸ਼ੇਸ਼ ਮਹਿਮਾਨ ਵਜੋਂ ਡਾ. ਰਜਿੰਦਰਪਾਲ ਸਿੰਘ ਬਰਾੜ ਅਤੇ ਅਤੇ ਮੰਚ ਦੇ ਕਨਵੀਨਰ ਡਾ. ਅਮਰਜੀਤ ਕੌਂਕੇ ਨੇ ਸ਼ਿਰਕਤ ਕੀਤੀ।



ਸਭ ਤੋਂ ਪਹਿਲਾਂ ਡਾ. ਅਮਰਜੀਤ ਕੌਂਕੇ ਨੇ ਸਵਾਗਤੀ ਸ਼ਬਦ ਆਖਦਿਆਂ ਮੰਚ ਦੇ ਉਦੇਸ਼ਾਂ ਬਾਰੇ ਗੱਲ ਕੀਤੀ। ਇਸ ਤੋਂ ਬਾਅਦ ਪੁਸਤਕ ਦੇ ਲੇਖਕ ਕੁਲਵਿੰਦਰ ਕਾਮੇ ਕਾ ਵੱਲੋਂ ਆਪਣੀਆਂ ਚੋਣਵੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਜਿਸ ਬਾਰੇ ਸੰਵਾਦ ਦਾ ਆਰੰਭ ਕਰਦਿਆਂ ਡਾ. ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਇਹ ਕਵਿਤਾ ਸੰਚਾਰ ਦੀ ਸਮੱਸਿਆ ਤੋਂ ਮੁਕਤ ਹੈ ਅਤੇ ਇਹ ਆਪਣੇ ਬਚਪਨ ਅਤੇ ਸੱਭਿਆਚਾਰ ਪ੍ਰਤੀ ਉਦਰੇਵੇਂ ਦੀ ਕਵਿਤਾ ਹੈ। ਨੌਜਵਾਨ ਆਲੋਚਕ ਡਾ. ਦੀਦਾਰ ਸਿੰਘ ਨੇ ਕਿਹਾ ਕਿ ਇਸ ਕਵਿਤਾ ਵਿੱਚ ਲੋਕ ਪ੍ਰਵਾਨਿਤ ਗੱਲਾਂ ਕਿਤੇ ਕਿਤੇ ਦੁਹਰਾ ਵਿੱਚ ਪਰਿਵਰਤਿਤ ਹੋ ਗਈਆਂ ਹਨ ਅਤੇ ਲੇਖਕ ਅਤੀਤ ਮੁਖੀ ਮੁੱਲਾਂ ਦੀ ਗੱਲ ਕਰਦਾ ਕਿਤੇ ਕਿਤੇ ਉਪਦੇਸ਼ਆਤਮਕ ਹੋ ਜਾਂਦਾ ਹੈ। ਹਰਪ੍ਰੀਤ ਕੌਰ ਸੰਧੂ ਨੇ ਕਿਹਾ ਕਿ ਲੇਖਕ ਨੇ ਜੋ ਵੀ ਲਿਖਿਆ ਹੈ ਉਹ ਸਾਨੂੰ ਪੁਰਾਤਨ ਪੰਜਾਬੀ ਸੱਭਿਆਚਾਰ ਨਾਲ ਜੋੜਦਾ ਹੈ ਅਤੇ ਲੇਖਕ ਨੇ ਬਹੁਤ ਸਾਰੇ ਐਸੇ ਸ਼ਬਦਾਂ ਦਾ ਇਸਤੇਮਾਲ ਕੀਤਾ ਹੈ ਜਿਹੜੇ ਅਜੋਕੇ ਜੀਵਨ ਵਿੱਚੋਂ ਲੁਪਤ ਹੋ ਰਹੇ ਹਨ। ਡਾ. ਪਸ਼ਵਿੰਦਰ ਕੌਰ ਨੇ ਕਿਹਾ ਕਿ ਇਹ ਕਵਿਤਾ ਲੋਕਧਾਰਾ ਦਾ ਦਸਤਾਵੇਜ ਹੈ। ਲੋਕ ਗੀਤਾਂ ਦੀਆਂ ਸਾਰੀਆਂ ਵਨਗੀਆਂ ਇਸ ਪੁਸਤਕ ਵਿੱਚ ਵੇਖਣ ਨੂੰ ਮਿਲਦੀਆਂ ਹਨ। ਸੁਖਦੇਵ ਸਿੰਘ ਵਿਰਕ ਨੇ ਕਿਹਾ ਕਿ ਇਹ ਕਵਿਤਾਵਾਂ ਪੇਡੂ ਰਸਾਤਲ ਅਤੇ ਧਰਾਤਲ ਦੇ ਨਾਲ ਜੁੜੀਆਂ ਹੋਈਆਂ ਹਨ। ਡਾ. ਗੁਰਵਿੰਦਰ ਅਮਨ,ਪਵਨ ਪਰਿੰਦਾ, ਵਕੀਲਾ ਮਾਨ ਅਤੇ ਡਾ. ਹਰਪ੍ਰੀਤ ਸਿੰਘ ਰਾਣਾ ਵੱਲੋਂ ਵੀ ਕਿਤਾਬ ਸਬੰਧੀ ਮੁੱਲਵਾਨ ਟਿੱਪਣੀਆਂ ਕੀਤੀਆਂ ਗਈਆਂ। ਇਸ ਬਹਿਸ ਨੂੰ ਸਮੇਟਦਿਆਂ ਡਾ. ਚਰਨਜੀਤ ਕੌਰ ਬਰਾੜ ਨੇ ਕਿਹਾ ਕਿ ਇਸ ਕਵਿਤਾ ਵਿੱਚ ਕਾਵਿ ਰੂਪਾਂ ਦੀ ਭਰਮਾਰ ਹੈ ਅਤੇ ਲੇਖਕ ਨੇ ਪੁਰਾਤਨ ਛੰਦਾਂ ਵਿੱਚ ਹੀ ਕਵਿਤਾ ਸਿਰਜਣ ਦਾ ਯਤਨ ਕੀਤਾ ਹੈ। ਪ੍ਰਧਾਨਗੀ ਮੰਡਲ ਵਿੱਚ ਬੀ.ਐਸ. ਰਤਨ ਨੇ ਇਸ ਕਵਿਤਾ ਨੂੰ ਨਵੇਂ ਸ਼ਬਦਾਂ ਵਿੱਚ ਢਾਲ ਕੇ ਪੇਸ਼ ਕੀਤੀ ਹੋਈ ਕਵਿਤਾ ਦੱਸਿਆ। ਧਰਮ ਕੰਮੇਆਣਾ ਨੇ ਇਸ ਨੂੰ ਪਹਿਲੀ ਕਿਤਾਬ ਹੋਣ ਦੇ ਨਾਤੇ ਲੇਖਕ ਤੋਂ ਆਸ ਕੀਤੀ ਕਿ ਉਸ ਦੀਆਂ ਅਗਲੀਆਂ ਕਿਤਾਬਾਂ ਵਿੱਚ ਉਹ ਹੋਰ ਵੀ ਪਰਪੱਕ ਕਵਿਤਾ ਲਿਖਣ ਦਾ ਯਤਨ ਕਰੇਗਾ। ਡਾ. ਰਜਿੰਦਰ ਪਾਲ ਬਰਾੜ ਨੇ ਆਪਣੀ ਗੱਲ ਕਰਦਿਆਂ ਕਿਹਾ ਕਿ ਇਹ ਕਵਿਤਾਵਾਂ ਪੁਰਾਣੀਆਂ ਸਚਾਈਆਂ ਅਤੇ ਪੁਰਾਣੀਆਂ ਮਿੱਥਾਂ ਨੂੰ ਹੀ ਨਵੇਂ ਸ਼ਬਦਾਂ ਵਿੱਚ ਢਾਲ ਕੇ ਪੇਸ਼ ਕਰਦੀਆਂ ਹਨ ਪਰ ਕਵੀ ਨੂੰ ਅੱਗੇ ਵਧਣ ਲਈ ਮਿਥ ਭੰਜਨ ਦੀ ਲੋੜ ਹੈ। ਉਹਨਾਂ ਨੇ ਪੰਜਾਬੀ ਕਵਿਤਾ ਦੇ ਪ੍ਰਸੰਗ ਵਿੱਚ ਮੁੱਲਵਾਨ ਟਿੱਪਣੀਆਂ ਕਰਦਿਆਂ ਕਿਹਾ ਕਿ ਉਹੀ ਕਵਿਤਾ ਲੋਕਾਂ ਵਿੱਚ ਪ੍ਰਵਾਨ ਹੁੰਦੀ ਹੈ ਜਿਹੜੀ ਮਿੱਥਾਂ ਦਾ ਭੰਜਨ ਕਰਦੀ ਹੈ।

ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਸਤਨਾਮ ਚੌਹਾਨ, ਪ੍ਰਿੰਸੀਪਲ ਸੁਸ਼ੀਲ ਆਜ਼ਾਦ, ਪ੍ਰੋ. ਹਰ ਮਨ, ਜਸਵਿੰਦਰ ਖਾਰਾ, ਪਰਮਿੰਦਰ ਕੌਰ ਅਮਨ, ਕੁਲਵਿੰਦਰ ਚਾਵਲਾ, ਰਣਧੀਰ ਕਲੇਰ, ਡਾ. ਹਰਬੰਸ ਸਿੰਘ ਧੀਮਾਨ, ਹਰਪ੍ਰੀਤ ਕੌਰ ਸੰਧੂ ਇੰਦਰਪਾਲ ਸਿੰਘ, ਕੁਲਜੀਤ ਕੌਰ, ਬਚਨ ਸਿੰਘ ਗੁਰਮ ਡਾ. ਨਰਿੰਦਰ ਸਿੰਘ, ਡਾ. ਗੁਰਵਿੰਦਰ ਅਮਨ, ਸੁਖਵਿੰਦਰ ਚਹਿਲ, ਨਵਦੀਪ ਮੁੰਡੀ, ਬਚਿੱਤਰ ਸਿੰਘ ਦਦਰਾਲਾ ਖਰੌੜ, ਦਵਿੰਦਰ ਪਟਿਆਲਾਵੀ, ਭੁਪਿੰਦਰ ਉਪਰਾਮ ਪ੍ਰਿੰ. ਚਰਨਜੀਤ ਕੌਰ, ਇੰਜੀ. ਜਗਰਾਜ ਸਿੰਘ, ਅਮਰਜੀਤ ਖਰੌੜ, ਪਾਲ ਖਰੌੜ, ਡਾ. ਕੁਲਦੀਪ ਕੌਰ, ਨਵਨੀਤ ਸਿੱਧੂ ਬਲਵਿੰਦਰ ਭੱਟੀ, ਜੋਗਾ ਸਿੰਘ ਧਨੌਲਾ, ਭਗਵੰਤ ਸਿੰਘ ਬੁਗਾ ਅਤੇ ਹੋਰ ਲੇਖਕਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਅੰਤ ਤੇ ਮੰਚ ਵੱਲੋਂ ਧੰਨਵਾਦ ਹਰਪ੍ਰੀਤ ਕੌਰ ਸੰਧੂ ਵੱਲੋਂ ਕੀਤਾ ਗਿਆ। ਮੰਚ ਸੰਚਾਲਨ ਡਾ. ਹਰਪ੍ਰੀਤ ਸਿੰਘ ਰਾਣਾ ਅਤੇ ਨਵਦੀਪ ਸਿੰਘ ਮੁੰਡੀ ਵੱਲੋਂ ਬਹੁਤ ਹੀ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਕੀਤਾ ਗਿਆ।

# ਕੌਲ ਬ੍ਰਦਰਸ ਕੰਪਨੀ ਵਲੋਂ ਕੇ ਐਸ ਮੱਖਣ ਦਾ ਧਾਰਮਿਕ ਟ੍ਰੈਕ "ਆਸਰਾ ਗੁਰੂ ਰਵਿਦਾਸ ਜੀ ਤੇਰਾ" ਰਿਲੀਜ਼

## ਸ਼੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਗੁਰੂ ਘਰ ਵਿੱਚ ਕੀਤਾ ਗਿਆ ਪੋਸਟਰ ਲਾਂਚ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)**- ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਗੁਰ-ਪਰਬ ਦੇ ਮੌਕੇ ਤੇ ਕੌਲ ਬ੍ਰਦਰਜ਼ ਮਿਊਜਿਕ ਅਤੇ ਕੌਲ ਫੈਮਲੀ ਯੂਐਸਏ ਜੰਡੂ ਸਿੰਘਾ ਦੀ ਤਰਫੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਧਾਰਮਿਕ ਟ੍ਰੈਕ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਉਸਤਤ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ । ਇਸ ਵਾਰ ਪ੍ਰਸਿੱਧ ਲੋਕ ਗਾਇਕ ਕੇ ਐਸ ਮੱਖਣ ਇਸ ਸ਼ਾਨਦਾਰ ਟ੍ਰੈਕ ਨੂੰ ਆਪਣੀ ਆਵਾਜ਼ ਦੇ ਕੇ ਸ਼ਿੰਗਾਰਿਆ ਹੈ। ਜਿਸ ਨੂੰ ਕੌਲ ਬ੍ਰਦਰਸ ਕੰਪਨੀ ਵੱਲੋਂ ਵਿਸ਼ਵ ਭਰ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ। ਜਿਸ ਦਾ ਟਾਈਟਲ "ਆਸਰਾ ਗੁਰੂ ਰਵਿਦਾਸ ਜੀ ਤੇਰਾ" ਰੱਖਿਆ ਗਿਆ ਹੈ ਅਤੇ ਇਸ ਟ੍ਰੈਕ ਨੂੰ ਪ੍ਰਸਿੱਧ ਨਾਮਵਰ ਕਲਮ ਰੱਤੂ ਰੰਧਾਵਾ ਨੇ ਕਲਮਬੱਧ ਕੀਤਾ ਹੈ । ਇਸ ਸਬੰਧੀ ਇਸ ਟ੍ਰੈਕ ਦਾ ਪੋਸਟਰ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਯੂਐਸਏ ਵਿਖੇ ਵੱਖ ਵੱਖ ਧਾਰਮਿਕ ਸ਼ਖਸੀਅਤਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ ਅਤੇ ਕੌਲ ਬ੍ਰਦਰਜ਼ ਦੇ ਇਸ ਪ੍ਰੋਜੈਕਟ ਲਈ ਸਾਰਿਆਂ ਵਲੋਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਯੂਐਸਏ ਦੇ ਸਾਰੇ ਮੈਂਬਰਾਂ ਨੇ ਕੌਲ ਬ੍ਰਦਰਜ਼ ਦੇ ਇਹਨਾਂ ਧਾਰਮਿਕ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਸਤਿਗੁਰ ਦੀ ਉਸਤਤ ਵਿੱਚ ਕੋਈ ਨਾ ਕੋਈ ਹੰਭਲਾ ਮਾਰ ਕੇ ਉਹਨਾਂ ਦੇ






ਜੀਵਨ ਸੰਘਰਸ਼ ਬਾਣੀ ਪ੍ਰਤੀ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ । ਜੋ ਅੱਜ ਦੇ ਸਮੇਂ ਦੀ ਲੋੜ ਹੈ । ਇਸ ਟ੍ਰੈਕ ਦੇ ਪ੍ਰੋਡਿਊਸਰ ਸ੍ਰੀ ਚਰਨਜੀਤ ਰਾਏ ਕੌਲ ਯੂਐਸਏ ਅਤੇ ਪੇਸ਼ਕਾਰ ਸਰਬਜੀਤ ਕੌਲ ਮਿੰਟੂ ਜੰਡੂ ਸਿੰਘਾ, ਸੈਂਡੀ ਕੌਲ ਯੂਐਸਏ ਹਨ। ਜ਼ਿਕਰਯੋਗ ਹੈ ਕਿ ਕੌਲ ਬ੍ਰਦਰਸ ਮਿਊਜਿਕ ਯੂਐਸਏ ਦੀ ਤਰਫੋਂ ਇਸ ਟ੍ਰੈਕ ਨੂੰ ਯੂ ਟਿਊਬ ਚੈਨਲ ਤੇ ਸਭ ਸੰਗਤਾਂ ਨੂੰ ਜਲਦ ਹੀ ਦੇਖਣ ਨੂੰ ਮਿਲੇਗਾ । ਕੰਪਨੀ ਦੇ ਕਾਰਜਕਰਤਾਵਾਂ ਨੇ ਦੱਸਿਆ ਕਿ ਇਸ ਟ੍ਰੈਕ ਤੋਂ ਬਾਅਦ ਉਹ ਜਲਦ ਹੀ ਹੋਰ ਕਲਾਕਾਰਾਂ ਦੇ ਵੀ ਟ੍ਰੈਕ ਆਪਣੀ ਕੰਪਨੀ ਵਿੱਚ ਰਿਲੀਜ਼ ਕਰਨਗੇ ਅਤੇ ਵਿਸ਼ਵ ਭਰ ਵਿੱਚ ਵੱਸਦੀਆਂ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀਆਂ ਹਾਰਦਿਕ ਮੁਬਾਰਕਾਂ ਇਹਨਾਂ ਆਵਾਜ਼ਾਂ ਰਾਹੀਂ ਦਿੱਤੀਆਂ ਜਾਣਗੀਆਂ ।

# ਸ੍ਰੀ ਅੰਮ੍ਰਿਤਬਾਣੀ ਅਤੇ ਡੇਰਾ ਸੱਚਖੰਡ ਬੱਲਾਂ ਨੂੰ ਨਤਮਸਤਕ ਹੁੰਦਿਆਂ ਸੰਗਤਾਂ ਨੇ ਸਮਾਗਮ ਵਿੱਚ ਨਵੇਂ ਵਰ੍ਹੇ ਤੇ ਕੀਤੀ ਸ਼ਿਰਕਤ

## ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਨੇਡਾ ਸਮਾਜ ਸੇਵਾ ਵਿੱਚ ਪਾ ਰਿਹਾ ਬਣਦਾ ਯੋਗਦਾਨ - ਵਰਿੰਦਰ ਬਿੱਟਾ ਬੰਗੜ










**ਸਰੀ /ਵੈਨਕੂਵਰ (ਕੁਲਦੀਪ ਚੁੰਬਰ)**- ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿੰਦਿਆਂ ਡੇਰਾ ਸੱਚਖੰਡ ਬੱਲਾਂ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਪਵਿੱਤਰ ਅੰਮ੍ਰਿਤਬਾਣੀ ਨੂੰ ਨਤਮਸਤਕ ਹੁੰਦਿਆਂ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਨੇਡਾ ਵਲੋਂ ਗੱਦੀ ਨਸ਼ੀਨ ਸ਼੍ਰੀਮਾਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਦੀ ਅਗਵਾਈ ਹੇਠ ਕਰਵਾਏ ਗਏ ਸਰੀ ਕਨੇਡਾ ਵਿਖੇ ਸਮਾਗਮ ਵਿੱਚ ਸੰਗਤਾਂ ਨੇ ਹੁੰਮਹੁੰਮਾ ਕੇ ਸ਼ਿਰਕਤ ਕੀਤੀ ਅਤੇ ਮਹਾਂਪੁਰਸ਼ਾਂ ਦੇ ਪਾਏ ਹੋਏ ਪੂਰਨਿਆਂ ਤੇ ਚੱਲਣ ਦਾ ਸੰਕਲਪ ਲਿਆ। ਇਸ ਮੌਕੇ ਪਹਿਲਾਂ ਸ੍ਰੀ ਅੰਮ੍ਰਿਤਬਾਣੀ ਦੇ ਪਾਵਨ ਪਵਿੱਤਰ ਜਾਪ ਕੀਤੇ ਗਏ, ਉਪਰੰਤ ਭੋਗ ਪਾਏ ਗਏ। ਇਸ ਉਪਰੰਤ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਦੇ ਮੁੱਖ ਬੁਲਾਰੇ ਸ਼੍ਰੀਮਾਨ ਵਰਿੰਦਰ ਬੰਗੜ ਬਿੱਟਾ ਨੇ ਸੰਗਤ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਕਿ ਨਵੇਂ ਵਰ੍ਹੇ ਤੇ ਸਾਨੂੰ ਨਵੇਂ ਸੰਕਲਪ ਲੈ ਕੇ



ਆਪਣੇ ਰਹਿਬਰਾਂ ਦੇ ਮਿਸ਼ਨ ਨੂੰ ਅੱਗੇ ਵਧਾਉਣ ਵਿੱਚ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ । ਉਹਨਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਮਿਸ਼ਨ, ਮਹਾਨ ਬਾਣੀ, ਉਹਨਾਂ ਦੇ ਕੀਤੇ ਹੋਏ ਸਮਾਜ ਸੁਧਾਰਕ ਕਾਰਜਾਂ ਨੂੰ ਅੱਗੇ ਤੋਰਨ ਵਿੱਚ ਜਿੱਥੇ ਡੇਰਾ ਸੱਚਖੰਡ ਬੱਲਾਂ ਅੱਜ ਦੇ ਸਮੇਂ ਵਿੱਚ ਅਹਿਮ ਰੋਲ ਨਿਭਾ ਰਿਹਾ ਹੈ, ਉਥੇ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਨੇਡਾ ਵੀ ਆਪਣਾ ਸਮਾਜ ਸੇਵਾ ਵਿੱਚ ਬਣਦਾ ਯੋਗਦਾਨ ਪਾ ਰਿਹਾ ਹੈ ਅਤੇ ਆਪਣੇ ਰਹਿਬਰਾਂ ਦੇ ਮਿਸ਼ਨ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਹਮੇਸ਼ਾ ਉਹਨਾਂ ਦੀ ਟੀਮ ਯਤਨਸ਼ੀਲ ਰਹਿੰਦੀ ਹੈ। ਇਸ ਤੋਂ ਬਾਅਦ ਵੱਖ ਵੱਖ ਮਿਸ਼ਨਰੀ ਗਾਇਕਾਂ ਵੱਲੋਂ ਜਿਨ੍ਹਾਂ ਵਿੱਚ ਪੰਮਾ ਸੁੰਨੜ, ਰਿੰਪੀ ਗਰੇਵਾਲ, ਸ਼ਾਮ ਪੰਡੋਰੀ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਹਾਜ਼ਰੀ ਭਰੀ । ਅੰਤ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਬੇਨਤੀ ਕੀਤੀ ਗਈ ਅਤੇ ਸਭ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਆਈਆਂ ਸੰਗਤਾਂ ਨੂੰ ਗੁਰੂ ਦਾ ਬਖਸ਼ਿਆ ਹੋਇਆ ਲੰਗਰ ਪ੍ਰਸ਼ਾਦਾ ਛਕਾਇਆ ਗਿਆ ।

# ਬਸਪਾ ਗੁਰਦਾਸਪੁਰ ਦੀ ਮੀਟਿੰਗ ਵਿੱਚ 51 ਹਜ਼ਾਰ ਰੁਪਏ ਦਿੱਤੇ ਗਏ: ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ

**ਗੁਰਦਾਸਪੁਰ (ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ ਗੁਰਦਾਸਪੁਰ ਦੀ ਮੀਟਿੰਗ ਹੋਈ ਜਿਸ ਵਿੱਚ ਵੱਖ ਵੱਖ ਪਾਰਟੀਆਂ ਨੂੰ ਛੱਡ ਕੇ ਬੀਐਸਪੀ ਵਿੱਚ ਸ਼ਾਮਿਲ ਹੋਏ ਅਤੇ ਕੇਂਦਰ ਤੇ ਆਰਥਿਕ ਫੰਡ ਵਿੱਚ 51 ਹਜਾਰ ਦਾ ਯੋਗਦਾਨ



ਪਾਇਆ,ਪਾਰਟੀ ਵੱਲੋਂ ਗੁਰਦ-ਾਸਪੁਰ ਦੇ ਵਰਕਰਾਂ ਸਮਰਥਕਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਭਗਵਾਨ ਸਿੰਘ ਚੌਹਾਨ ਅਤੇ ਗੁਰਦਾਸਪੁਰ ਦੀ ਟੀਮ ਹਾਜ਼ਰ ਸੀ।

## ਦੁੱਲੇ ਭੱਟੀ ਦੇ ਵਾਰਸ

ਦੁੱਲੇ ਭੱਟੀਆਂ ਵਰਗੇ ਯੋਧੇ ,
ਮਰ ਮਰ ਕੇ ਵੀ ਜਿਉਂਦੇ ਰਹਿਣਗੇ।
ਲੋਕ ਖ਼ੁਸ਼ੀ ਦੇ ਗੀਤ ਗਾਉਂਣਗੇ ,
ਜਦੋਂ ਹੰਕਾਰੀ ਕਿਲੇ ਢਹਿਣਗੇ ।
ਕੱਲ੍ਹ ਵੀ ਲੋੜ ਸੀ ਅੱਜ ਵੀ ਲੋੜ ਹੈ,
ਲੋੜ ਸਦਾ ਹੀ ਪੈਂਦੀ ਰਹੂਗੀ ;
ਪਰ ਅਪਣੇ 'ਚੋਂ ਹੀ ਉਹਨਾਂ ਵਰਗੇ,
ਅਣਖੀ ਪੈਦਾ ਕਰਨੇ ਪੈਣਗੇ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## ਧੀਆਂ ਵਾਲੀ ਲੋਹੜੀ

ਆਓ ਸਮਾਜ ਦੀ ਰਲ ਬਦਲੀਏ ਨੁਹਾਰ
ਧੀਆਂ ਨੂੰ ਕਰੀਏ ਸਮਰਪਿਤ ਤਿਉਹਾਰ।
ਪੁੱਤਰਾਂ ਦੀ ਲੋਹੜੀ ਖੁੱਸ਼ੀ ਖੁੱਸ਼ੀ ਮਨਾਓ
ਧੀਆਂ ਦੀ ਲੋਹੜੀ ਦੀ ਪਿਰਤ ਵੀ ਪਾਓ॥
ਧੀ-ਪੁੱਤ ਤਾਂ ਰੱਬ ਦੀਆਂ ਬਖਸ਼ੀਆਂ ਦਾਤਾਂ
ਘਰ ਮਹਿਕਾਉਂਦੇ ਵਾਂਗ ਕੀਮਤੀ ਸੌਗਾਤਾਂ।
ਧੀਆਂ ਦੀ ਵੀ ਵੰਡੀਏ ਰਲਮਿਲ ਕੇ ਲੋਹੜੀ
ਭੁੱਗਾ, ਮੂੰਗਫਲੀ ਅਤੇ ਗੁੜ ਦੀ ਰਿਉੜੀ॥
ਐਤਕੀ ਦੀ ਲੋਹੜੀ ਧੀਆਂ ਦੇ ਕਰੀਏ ਚਾਅ
ਇਹਨਾਂ ਸੰਗ ਹੀ ਮਾਪਿਆ ਦੇ ਚਲਦੇ ਸਾਹ
ਧੀਆਂ ਨੂੰ ਖ਼ੂਬ ਸਾਰੀ ਵਿੱਦਿਆ ਪੜ੍ਹਾਈਏ
ਕੁੱਲ ਚ ਗਿਆਨ ਦਾ ਦੀਪ ਜਗਾਈਏ॥



**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਰੱਬ ਦੀ ਦਾਤ

ਲੋਹੜੀ ਪੁੱਤਾਂ ਦੀ ਪਾਓ ਤੁਸੀਂ ਜੀ ਸਦਕੇ,
ਐਪਰ ਲੋਹੜੀ ਧੀਆਂ ਦੀ ਵੀ ਪਾਓ ਮਿੱਤਰੋ।
ਧੀਆਂ ਬਿਨਾਂ ਵੰਸ਼ ਨਹੀਂ ਚਲ ਸਕਦਾ,
ਇਸ ਸੱਚਾਈ ਨੂੰ ਜ਼ਿੰਦਗੀ 'ਚ ਅਪਣਾਓ ਮਿੱਤਰੋ।
ਧੀਆਂ ਤੁਹਾਡੇ ਪਿਆਰ ਦੀਆਂ ਹੱਕਦਾਰ ਨੇ,
ਪੁੱਤਾਂ ਦੇ ਵਾਂਗ ਇਨ੍ਹਾਂ ਨੂੰ ਗਲ਼ ਲਾਓ ਮਿੱਤਰੋ।
ਪੁੱਤ ਹੁੰਦੇ ਸਹਾਰਾ ਬੁੱਢੇ ਮਾਪਿਆਂ ਦਾ,
ਇਕ ਵਾਰ ਧੀਆਂ ਨੂੰ ਵੀ ਅਜ਼ਮਾਓ ਮਿੱਤਰੋ।
ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ,
ਤੁਸੀਂ ਵੀ ਸਮੇਂ ਦੇ ਨਾਲ ਬਦਲ ਜਾਓ ਮਿੱਤਰੋ।
ਗੁਰੂ ਨਾਨਕ ਵੀ ਧੀਆਂ ਦੇ ਹੱਕ 'ਚ ਬੋਲੇ ਸਨ,
ਤੁਸੀਂ ਵੀ ਮਾੜੀ ਸੋਚ ਤੋਂ ਪਿੱਛਾ ਛਡਾਓ ਮਿੱਤਰੋ।
ਧੀਆਂ ਨੂੰ ਪੈਰਾਂ ਦੀ ਧੂੜ ਨਾ ਸਮਝੋ ਹੁਣ,
ਇਨ੍ਹਾਂ ਨੂੰ ਪੁੱਤਾਂ ਦੇ ਵਾਂਗ ਪੜ੍ਹਾਓ ਮਿੱਤਰੋ।
ਪੁੱਤਾਂ ਵਾਂਗ ਧੀਆਂ ਵੀ ਰੱਬ ਦੀ ਦਾਤ ਨੇ,
ਧੀਆਂ ਹੋਣ ਤੇ ਮੱਥੇ ਵੱਟ ਨਾ ਪਾਓ ਮਿੱਤਰੋ।



**ਮਹਿੰਦਰ ਸਿੰਘ ਮਾਨ**
**ਫੋਨ 9915803554**

## ਲੋਹੜੀਆਂ

ਚੁੱਕ ਬੋਰੀ ਪਿੰਡ ਸਾਰੇ
ਮੰਗਦੇ ਬੱਚੇ ਪਾਥੀਆਂ
ਲੋੜਦੇ ਜੋ ਸੁੱਖਾਂ ਸਾਰੇ
ਨਗਰ ਦੇ ਵਾਸੀਆਂ
ਔਰਤਾਂ ਵੀ ਪਿਹਾ ਕੇ
ਚੌਲ ਚੀਨੀ ਪੀਨੀਆ
ਚੋਲਾਂ ਦੀਆਂ ਬਣਾਂਦੀਆਂ
ਮਰਦ ਜਾ ਬਜਾਰਾਂ ਵਿੱਚ
ਖਰੀਦਦੇ ਕਤਾਰਾਂ ਵਿੱਚ
ਗੱਚਕ ਇਹ ਗੁੜ ਵਾਲ਼ੀ
ਮੂੰਗਫ਼ਲੀ ਨਾਲ਼ ਰਿਓੜੀਆਂ
ਮਾਘੀ ਵਾਲ਼ੀ ਸ਼ਾਮ ਸਾਰੇ
ਲਾਕੇ ਧੁਣੀਆਂ ਤਮਾਮ ਸਾਰੇ
ਘੜੀਆਂ ਖੁਸ਼ੀ ਦੀਆਂ ਪ੍ਰੋਲੀਆ
ਸਾਰੇ ਰਲ ਮਿਲ ਜਾਵੇ ਹਰ
ਚਿਹਰਾ ਖਿਲ ਆਏ ਈਸਰ ਜਾਏ
ਦਲਿੱਦਰ ਸੁੱਟਦੇ ਧੁਣੀ ਉੱਤੇ ਤਿਲ
ਫ਼ਿਰ ਖਾਣ ਚੱਜਕ ਰਿਓੜੀਆਂ
ਮਿਲ ਕਣਭਰਾਵਾਂ ਦੀਆਂ ਸਭ
ਮਨਾਉਂਦੇ ਰਹਿਣ ਲੋਹੜੀਆਂ
ਬੱਲੀ ਦਿਲ ਖੁਸ਼ ਹੋਵੇ ਜਦੋਂ
ਰੱਖ ਸੋਚ ਸੱਚੀ ਮਨਾਈਏ
ਧੀਆਂ ਦੀਆਂ ਵੀ ਲੋਹੜੀਆਂ





**...... ਬੱਲੀ ਈਲਵਾਲ**

## ਮਿੱਟੀ ਦੇ ਮਾਧੋ ਜਦ ਮੇਰੇ......

ਮਿੱਟੀ ਦੇ ਮਾਧੋ ਜਦ ਮੇਰੇ ਮਿਸ਼ਨ ਤਾਈਂ ਠੁਕਰਾਉਂਦੇ ਨੇ
ਜਾਗੇ ਹੋਏ ਸਮਾਜ ਦੇ ਲੋਕੀਂ ਪੜ੍ਹਨੇ ਉਨ੍ਹਾਂ ਨੂੰ ਪਾਉਂਦੇ ਨੇ
ਕਾਂਸ਼ੀ ਰਾਮ ਸਾਹਿਬ ਦਾ ਕਹਿਣਾ ਮੈਂ ਤੇ ਬੂਟੇ ਲਾਉਂਦਾ ਹਾਂ
ਆਪਣੇ ਪੁਰਖਿਆਂ ਦੇ ਇਤਿਹਾਸ ਨੂੰ ਉਨ੍ਹਾਂ ਵਿੱਚ ਦੁਹਰਾਉਂਦਾ ਹਾਂ
ਕਦੇ ਨਾ ਬਖਸ਼ੇ ਜਾਣਗੇ ਜਿਹੜੇ ਪੜ੍ਹਕੇ ਪਾਠ ਪੜ੍ਹਾਉਂਦੇ ਨੇ
ਮਿੱਟੀ ਦੇ ਮਾਧੋ ਜਦ ਮੇਰੇ......
ਕਾਫ਼ਲਾ ਮੇਰਾ ਚੱਲਦਾ ਰਹਿਣਾ ਫਰਕ ਰਤਾ ਵੀ ਪੈਣਾ ਨਹੀਂ
ਦੇਖਿਓ ਅੱਖੀਂ ਦਲ ਬਦਲੂਆਂ ਦੇ ਸਿਰੋਂ ਬੋਝ ਏਹ ਲਹਿਣਾ ਨਹੀਂ
ਰਾਹ ਵਿੱਚ ਧੋਖਾ ਦੇਣੇ ਵਾਲੇ ਕੱਫਣ ਕਿੱਲ ਠੁਕਾਉਂਦੇ ਨੇ
ਮਿੱਟੀ ਦੇ ਮਾਧੋ ਜਦ ਮੇਰੇ......
ਬੜੇ ਆਏ ਇਥੋਂ ਬੜੇ ਹੀ ਤੁਰ ਗਏ ਖੱਬੀ ਖਾਨ ਕਹਾਉਣ
ਵਾਲੇ ਇਹ ਨਾ ਮਹਿਲ ਕਿਸੇ ਤੋਂ ਢੱਠਾ ਬੜੇ ਆਏ ਇਹਨੂੰ
ਢਾਹੁਣ ਵਾਲੇ
ਬਹੁਜਨ ਇਕ ਅੰਦੋਲਨ ਨੁਕਰੇ ਲੱਗ ਗਏ ਜੋ ਇਹਨੂੰ ਲਾਉਂਦੇ ਨੇ
ਮਿੱਟੀ ਦੇ ਮਾਧੋ ਜਦ ਮੇਰੇ......
'ਚੁੰਬਰਾਂ' ਨੇਤਾਗਿਰੀਆਂ ਦਿੱਤੀਆਂ ਮਿਸ਼ਨ ਨੇ ਸਭ ਪ੍ਰਧਾਨਗੀਆਂ
ਤਵਾਰੀਖਾਂ ਨੂੰ ਪੜ੍ਹ ਕੇ ਦੇਖੋ ਜੋ ਇਤਿਹਾਸ ਬਿਆਨ ਦੀਆਂ
ਝੰਡਾ ਡੰਡਾ ਛੱਡ ਕੇ ਆਪਣੀ ਹੋਂਦ ਕਈ ਆਪ ਮਿਟਾਉਂਦੇ ਨੇ
ਮਿੱਟੀ ਦੇ ਮਾਧੋ ਜਦ ਮੇਰੇ......

**ਪੇਸ਼ਕਸ਼ : ਕੁਲਦੀਪ ਚੁੰਬਰ ਕਨੇਡਾ**



## "ਲੋਹੜੀ"

ਧੀਆਂ ਦੀ ਆਓ ਪਾਈਏ ਲੋਹੜੀ,
ਸੋਚ ਨੂੰ ਕਾਹਤੋਂ ਰੱਖੀਏ ਕੋਹੜੀ,
ਇਹ ਵੀ ਰੱਬ ਦਾ ਜੀਅ ਨੇ ਹੁੰਦੀਆਂ,
ਧੀ ਤੋਂ ਕਦੇ ਵੀ ਮੁੱਖ ਨਾ ਮੋੜੀ,
ਧੀ ਵਰਗਾ ਕੋਈ, ਸਾਥ ਨਾ ਲੱਭੇ,
ਰਿਸ਼ਤੇ ਜੱਗ ਤੇ ਲੱਖ ਕਰੋੜੀ।
ਧੀਆਂ ਦੀ ਆਓ ਪਾਈਏ ਲੋਹੜੀ..........
ਧੀਆਂ ਦੀ ਆਓ,ਖੈਰ ਮਨਾਨੀਏ,
ਪਿੱਛੇ ਛੱਡੀਏ,ਸੋਚ ਏ, ਸੌੜੀ।
ਧੀ ਤੇ ਜੱਗ ਦੀ, ਜਨਣੀ ਹੁੰਦੀ,
ਸੋਭਾ ਇਸਦੀ ਹਰ ਪਲ ਲੋੜੀਂ
ਧੀਆਂ ਦੀ ਆਓ ਪਾਈਏ ਲੋਹੜੀ.........
ਪੁੱਤਰਾਂ ਵਾਂਗੂੰ ਪਿਆਰ ਜਿਤਾਵਣ,
ਰੱਖਦੀਆਂ ਖਬਰਾਂ,ਭੋਰੀਂ-ਭੋਰੀਂ ।
ਮਾਪਿਆਂ ਰੀਝਾਂ ਨਾਲ ਪਾਲੀਆਂ,
ਮਿੱਠੀ-ਮਿੱਠੀ ਦੇ ਕੇ ਲੋਰੀ,
ਧੀਆਂ ਦੀ ਆਓ ਪਾਈਏ ਲੋਹੜੀ.........
ਪੁੱਤਰਾਂ ਵਾਂਗੂ, ਕੰਮ ਮੁਕਾਵਣ,
ਦੁੱਖਾਂ ਦੇ ਵਿੱਚ ਭੱਜੀਆਂ ਆਵਣ,
ਪੇਕੇ ਘਰ ਦੀ ਖੈਰ ਮਨਾਵਣ,
ਮੱਥਿਆਂ ਤੇ ਨਾ, ਪਾਉਣ ਤਿਊੜੀ
ਧੀਆਂ ਦੀ ਆਓ ਪਾਈਏ ਲੋਹੜੀ..........
ਪੁੱਤਰਾਂ ਵਾਂਗੂ, ਲਾਡ,ਲੜਾਈਏ,
ਰੀਝਾਂ ਦੇ ਨਾਲ ਖੂਬ ਪੜ੍ਹਾਈਏ,
ਚੰਗੀ ਸੋਚ ਦੇ ਖੰਭ ਉਗਾਈਏ,
ਪੁੱਤਰਾਂ ਵਾਂਗੂੰ ਧੀ ਵਿਆਹੀਏ,
ਸ਼ਗਨਾਂ ਦੇ ਨਾਲ,ਘਰ ਤੋਂ ਤੋਰੀਂ
ਧੀਆਂ ਦੀ ਆਓ ਪਾਈਏ ਲੋਹੜੀ.........
ਧੀਆਂ ਜਗ ਤੇ ਨਾ ਚਮਕਾਵਣ,
ਮਾਪਿਆਂ ਦੇ ਇਹ ਦੁੱਖ ਵੰਡਾਵਣ,
ਕਦੇ ਨਾ ਘਰ ਵਿੱਚ ਵੰਡੀਆਂ ਪਾਵਣ,
ਭੈਣ ਭਾਈਆਂ ਦੀ ਖੈਰ ਮਨਾਵਣ,
ਨਗਰ ਖੇੜੇ ਦੀ,ਸੁਖ ਇਹ ਚਾਹਵਣ,
ਵੰਡਣ ਖੁਸ਼ੀਆਂ,ਭਰ-ਭਰ ਬੋਰੀ,
ਧੀਆਂ ਦੀ ਆਓ ਪਾਈਏ ਲੋਹੜੀ .......
ਮੁੰਡਿਆ ਵਾਂਗੂ ਅਫ਼ਸਰ ਲੱਗੀਆਂ,
ਪੜ੍ਹ ਲਿਖ ਕੇ ਨਾ ਮਾਰਨ ਠੱਗੀਆਂ,
ਲਾਲ ,ਨੀਲੀਆਂ ਬੱਤੀਆਂ, ਲੱਗੀਆਂ,
ਗੱਡੀਆਂ ਆਵਣ, ਪਿੰਡਾਂ ਨੂੰ ਭੱਜੀਆਂ,
ਮਾਪੇ ਜਗ ਤੇ ਮਾਣ ਕਰੇਦੇ,
ਹਰ ਕਿੱਤੇ ਵਿੱਚ ਹੋਈਆਂ, ਮੋਹਰੀ
ਧੀਆਂ ਦੀ ਆਓ ਪਾਈਏ ਲੋਹੜੀ..........
ਧੀ ਜੰਮੀ ਤੇ ਸ਼ਗਨ ਮਨਾਈਏ,
ਐਵੇਂ ਦਿਲ ਦੇ ਬੋਝ ਨਾ ਪਾਈਏ,
ਸੱਦ ਕੇ, ਢੋਲੀ, ਸ਼ਗਨ ਮਨਾਈਏ,
ਸੰਦੀਪ ਧੀਆਂ ਤੋਂ ,ਵਾਰੇ ਜਾਈਏ,
ਓ ਘਰ ਕਦੇ ਨਾ, ਕਰਨ ਤਰੱਕੀ,
ਸੋਚ ਧੀਆਂ ਲਈ, ਜਿਨ੍ਹਾਂ ਦੀ ਸੌੜੀ ,
ਧੀਆਂ ਦੀ ਆਓ ਪਾਈਏ ਲੋਹੜੀ.......
ਸ਼ਗਨ ਮਨਾਈਏ ਲੱਖ ਕਰੋੜੀ,



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**



# ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਦਾ ਗਿਆਨ ਗੁਰਦਿਆਲ ਬੋਧ ਜੀ ਭਰ ਰਹੇ ਹਨ : ਡਾ ਇੰਦਰਜੀਤ ਕਜਲਾ

**ਬੰਗਾ (ਚਰਨਜੀਤ ਸੱਲ੍ਹਾ )** ਨਮੋ ਬੁਧਾਏ ਜੈ ਭੀਮ ਜੈ ਭਾਰਤ

ਅੱਜ ਮੇਰੇ ਘਰ ਮਿਸ਼ਨਰੀ ਸਾਥੀ ਟੋਨੀ ਜੱਖੂ ਜੀ (ਇਟਲੀ) ਆਪਣੇ ਪਰਿਵਾਰ ਸਮੇਂਤ ਆਏ। ਉਹਨਾਂ ਨੂੰ ਮਿਲ ਕੇ ਮੈਨੂੰ ਬਹੁਤ ਖੁਸ਼ੀ ਹੋਈ। ਉਹ ਮਿਸ਼ਨ ਪ੍ਰਤੀ ਬਹੁਤ ਹੀ ਸਮਰਪਿਤ ਨੇ, ਉਹ ਆਪਣੇ ਹਿੱਸੇ ਦਾ ਯੋਗਦਾਨ ਸਮਾਜ ਵਿੱਚ ਪੇਬੈਕ ਕਰਕੇ ਪਾ ਰਹੇ ਹਨ। ਉਹਨਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਉਹਨਾ ਨੂੰ ਮਿਸ਼ਨ ਪਰਿਵਾਰ ਤੋਂ ਹੀ ਮਿਲਿਆ ਹੈ, ਕਿਉਕਿ ਮਿਸ਼ਨਰੀ ਸਾਥੀ ਸਤਿਕਾਰਯੋਗ ਗੁਰਦਿਆਲ ਬੋਧ ਜੀ, ਉਹਨਾਂ ਦੇ ਰਿਸ਼ਤੇਦਾਰ (ਫੁੱਫੜ ਜੀ) ਹਨ। ਉਹਨਾਂ ਤੋ ਵੀ ਮਿਸ਼ਨ ਵਾਰੇ ਗਿਆਨ ਲੈਂਦੇ ਰਹਿੰਦੇ ਹਨ। ਉਹ ਬਹੁਤ ਹੀ ਸੁਝਵਾਨ ਹਨ। ਉਹਨਾਂ ਨੇ ਬਾਬਾ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਬੱਚਿਆ ਵਿੱਚ ਭਰਿਆ ਹੈ। ਉਹਨਾਂ ਦੇ ਬੱਚੇ ਵੀ ਬਾਬਾ ਸਾਹਿਬ ਦੇ ਵਾਰੇ ਪੜ੍ਹ ਰਹਿੰਦੇ ਹਨ। ਮੈਂ ਉਮੀਦ ਕਰਦਾ ਹਾਂ ਕਿ ਵਿਦੇਸ਼ਾ ਵਿੱਚ ਰਹਿੰਦੇ ਬਾਕੀ ਭਾਰਤੀ ਵੀ ਬਾਬਾ ਸਾਹਿਬ ਜੀ ਦੇ ਮਿਸ਼ਨ ਵਿੱਚ ਆਪਣਾ ਬਣਦਾ ਯੋਗਦਾਨ ਜਰੂਰ ਪਾਉਣਗੇ।





ਵਿਦਾਇਗੀ ਸਮੇਂ ਉਹਨਾਂ ਨੂੰ ਅਤੇ ਉਹਨਾਂ ਦੇ ਪਰਿਵਾਰ ਨੂੰ ਸਨਮਾਨ ਵਜੋਂ "ਭਾਰਤੀ ਸੰਵਿਧਾਨ (ਪੰਜਾਬੀ ਅਨੁਵਾਦ)" ਦੀ ਕਾਪੀ ਭੇਂਟ ਕੀਤੀ।

ਮੈ ਦੁਆਂ ਕਰਦਾ ਹਾਂ ਟੋਨੀ ਜੱਖੂ ਜੀ ਅਤੇ ਉਹਨਾਂ ਦਾ ਪਰਿਵਾਰ ਹੋਰ ਤਰੱਕੀਆਂ ਕਰਨ ਅਤੇ ਬਾਬਾ ਸਾਹਿਬ ਜੀ ਦੇ ਮਿਸ਼ਨ ਲਈ ਹੋਰ ਯੋਗਦਾਨ ਪਾਉਣ।

**ਧੰਨਵਾਦ ਸਹਿਤ**
**ਡਾ ਇੰਦਰਜੀਤ ਕਜਲਾ**

# ਸੋਸ਼ਲ ਮੀਡੀਆ ਤੇ ਗਾਇਕ ਸ਼ੀਰਾ ਜਸਵੀਰ ਦਾ ਗੀਤ ਖੂਬ ਚੱਲ ਰਿਹੈ "ਟੂਣੇ ਨਹੀਂ ਚੱਲੇ"

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਅੱਜਕੱਲ ਸੋਸ਼ਲ ਮੀਡੀਆ ਤੇ "ਟੂਣੇ ਨਹੀਂ ਚੱਲੇ" ਟਾਈਟਲ ਹੇਠ ਕੱਢਿਆ ਗਿਆ ਲੋਕ ਗਾਇਕ ਸ਼ੀਰਾ ਜਸਵੀਰ ਦਾ ਗੀਤ ਕਾਫੀ ਚਰਚਾ ਵਿੱਚ ਹੈ। ਵੱਖ-ਵੱਖ ਸੋਸ਼ਲ ਸਾਈਟਾਂ ਤੇ ਇਸ ਗੀਤ ਨੂੰ ਸਰੋਤਿਆਂ ਵਲੋਂ ਪਿਆਰਿਆ ਤੇ ਸਤਿਕਾਰਿਆ ਜਾ ਰਿਹਾ ਹੈ । ਇਸ ਗੀਤ ਦੀ ਸੰਸਾਰ ਭਰ ਵਿੱਚ ਚਰਚਾ ਚੱਲ ਰਹੀ ਹੈ, ਪੰਜਾਬੀ ਭਾਈਚਾਰੇ ਨੇ ਇਸ ਗੀਤ ਨੂੰ ਮਣਾਂ ਮੂੰਹੀਂ ਪਿਆਰ ਦੇ ਕੇ ਸ਼ੀਰਾ ਜਸਬੀਰ ਦੀ ਮਸਤ ਗਾਇਕੀ ਨੂੰ ਪਰਵਾਨਿਆ ਹੈ । ਏਕ ਰਿਕਾਰਡਸ ਦੀ ਪੇਸ਼ਕਸ਼ ਇਹ ਗੀਤ ਹਾਲ ਹੀ ਵਿੱਚ ਰਿਲੀਜ਼ ਕੀਤਾ ਗਿਆ, ਜਿਸ ਨੇ ਟਰੈਂਡਿੰਗ ਪੁਜੀਸ਼ਨ ਲੈ ਕੇ ਸਰੋਤਿਆਂ ਦੇ ਦਿਲ ਜਿੱਤ ਲਏ। ਇਸ ਸਿੰਗਲ ਟ੍ਰੈਕ "ਟੂਣੇ ਨਹੀਂ ਚੱਲੇ" ਦੇ ਸਿੰਗਰ ਤੇ ਕੰਪੋਜਰ ਖੁਦ ਸ਼ੀਰਾ ਜਸਵੀਰ ਹਨ।




ਪ੍ਰੀਤ ਹੈਰੀ ਨੇ ਇਸਦਾ ਸੰਗੀਤ ਤਿਆਰ ਕੀਤਾ ਹੈ ਤੇ ਇਸਦੇ ਡਾਇਰੈਕਟਰ ਸਾਹਿਲ ਮਜੀਠੀਆ ਹਨ। ਇਸ ਗੀਤ ਵਿੱਚ ਸੱਭਿਆਚਾਰਕ ਪਹਿਰਾਵੇ ਨੂੰ ਤਰਜੀਹ ਦਿੰਦਿਆਂ ਜਸਵੀਰ ਸ਼ੀਰਾ ਨੇ ਆਪਣੀ ਲੁੱਕ ਨੁੱਕ ਪੋਸਟਰ ਅਤੇ ਵੀਡੀਓ ਵਿੱਚ ਬਾਕਮਾਲ ਪੇਸ਼ ਕੀਤੀ ਹੈ ਅਤੇ ਪੰਜਾਬੀਆਂ ਦੇ ਖੁੱਲ੍ਹੇ ਡੁੱਲ੍ਹੇ ਸੁਭਾਅ ਦਾ ਪ੍ਰਮਾਣ ਦਿੱਤਾ ਹੈ । ਸ਼ੀਰਾ ਜਸਵੀਰ ਦੀ ਗਾਇਕੀ ਨੂੰ ਸਰੋਤੇ ਪਹਿਲਾਂ ਤੋਂ ਹੀ ਪਸੰਦ ਕਰਦੇ ਆਏ ਹਨ, ਉਸਦੇ ਗੀਤਾਂ ਦੀ ਸ਼ਬਦਾਵਲੀ ਦਿਲ ਟੁੰਬਣ ਵਾਲੀ ਹੁੰਦੀ ਹੈ ,ਜੋ ਸਰੋਤਿਆਂ ਨੂੰ ਪਹਿਲੀ ਨਜ਼ਰੇ ਹੀ ਪਸੰਦ ਆ ਜਾਂਦੀ ਹੈ । ਕਈ ਲੋਕ ਤਾਂ ਇਸ ਗੀਤ ਨੂੰ ਸੁਣ ਕੇ ਇਵੇਂ ਕਹਿੰਦੇ ਸੁਣੇ ਗਏ ਹਨ ਕਿ "ਟੂਣੇ ਨਹੀਂ ਚੱਲੇ" ਪਰ ਸ਼ੀਰਾ ਜਸਵੀਰ ਦਾ ਗੀਤ ਜਰੂਰ ਹਿੱਟ ਹੋ ਗਿਆ। ਜਿਸ ਦੀ ਉਸ ਨੂੰ ਸਾਰੇ ਪੰਜਾਬੀਆਂ ਵਲੋਂ ਮੁਬਾਰਕਬਾਦ ਹੈ।

# NCSC ਮੁਕਾਬਲੇ ਵਿੱਚ ਮੱਲਾਂ ਮਾਰੀਆਂ

31ਵੀਂ ਨੈਸ਼ਨਲ ਚਿਲਡਰਨ ਸਾਇੰਸ ਕਾਂਗਰਸ ਭਵਨ, ਭੋਪਾਲ (ਮੱਧ ਪ੍ਰਦੇਸ਼ ) ਵਿਖੇ ਕਰਵਾਏ ਗਏ ਮੁਕਾਬਲਿਆਂ ਵਿੱਚ ਸਰਕਾਰੀ ਹਾਈ ਸਕੂਲ ਚਕੇਰੀਆਂ ,ਮਾਨਸਾ ਦੇ ਵਿਦਿਆਰਥੀ ਸੁਖਮਨਵੀਰ ਸਿੰਘ ਨੇ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਪਣੇ ਸਕੂਲ ਤੇ ਮਾਨਸਾ ਜਿਲੇ ਦਾ ਨਾਂ ਰੌਸ਼ਨ ਕੀਤਾ। ਸੁਖਮਨਵੀਰ ਸਿੰਘ ਪੁੱਤਰ ਕਰਨਵੀਰ ਸਿੰਘ , ਗਾਈਡ ਅਧਿਆਪਕ ਮਨਪ੍ਰੀਤ ਕੌਰ (ਸਾਇੰਸ ਮਿਸਟ੍ਰੈਸ) ਨੇ ਪ੍ਰੋਜੈਕਟ "ਮਿੱਟੀ ਦੀ ਪੀ.ਐਚ. ਉੱਪਰ ਰਸਾਇਣਿਕ ਖਾਦਾਂ ਅਤੇ ਰੂੜੀ ਖਾਦਾਂ ਦਾ ਪ੍ਰਭਾਵ" ਦੇਖਿਆ। ਇਸ ਪ੍ਰੋਜੈਕਟ ਉੱਪਰ ਲਗਭਗ ਉਹਨਾਂ ਨੇ ਛੇ ਮਹੀਨੇ ਕੰਮ ਕੀਤਾ। ਜਿਕਰਯੋਗ ਹੈ ਕਿ ਚਿਲਡਰਨ ਸਾਇੰਸ ਕਾਂਗਰਸ ਵਿੱਚ ਪ੍ਰਾਈਵੇਟ ਸਕੂਲ, ਕੇਂਦਰੀ ਵਿਦਿਆਲਿਆ ,ਸੀਬੀਐਸਈ ਬੋਰਡ ਦੇ ਵਿਦਿਆਰਥੀਆਂ ਨਾਲ ਮੁਕਾਬਲਾ ਕਰਦੇ ਹੋਏ ਪਿੰਡ ਦੇ ਸਰਕਾਰੀ ਸਕੂਲ ਦੇ ਵਿਦਿਆਰਥੀ ਨੇ ਨੈਸ਼ਨਲ ਪੱਧਰ ਤੇ ਆਪਣੇ ਪ੍ਰੋਜੈਕਟ ਨੂੰ ਪੇਸ਼ ਕੀਤਾ।



ਸਕੂਲ ਵੱਲੋਂ ਵਿਦਿਆਰਥੀ ਸੁਖਮਨਵੀਰ ਸਿੰਘ ਨੂੰ 2100 ਰੁਪਏ ਨਕਦ ਇਨਾਮ ਅਤੇ ਸਨਮਾਨ ਚਿੰਨ ਦਿੱਤਾ ਗਿਆ । ਮੁੱਖ ਅਧਿਆਪਕ ਅਮਨਦੀਪ ਕੌਰ ਨੇ ਗਾਈਡ ਅਧਿਆਪਕ ਮਨਪ੍ਰੀਤ ਕੌਰ ਅਤੇ ਵਿਦਿਆਰਥੀ ਦੇ ਮਾਪਿਆ ਨੂੰ ਵਧਾਈ ਦਿੱਤੀ ਕਿ ਸਾਡੇ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਸਾਡੇ ਵਿਦਿਆਰਥੀ ਨੇ ਸਰਕਾਰੀ ਹਾਈ ਸਕੂਲ ਚਕੇਰੀਆਂ, ਮਾਨਸਾ ਦਾ ਨਾਮ ਅਤੇ ਆਪਣੇ ਮਾਪਿਆਂ ਦਾ ਨਾਮ ਨੈਸ਼ਨਲ ਪੱਧਰ ਤੇ ਚਮਕਾਇਆ।

# ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲੇ ਤੋਂ ਭਗੌੜੇ ਹੋਣਾ ਬਾਦਲ ਦਲ ਲਈ ਘਾਤਕ ਸਿੱਧ ਹੋਵੇਗਾ : ਕੁਲਵਿੰਦਰ ਜੰਡਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਮਾਸਟਰ ਕੁਲਵਿੰਦਰ ਸਿੰਘ ਜੰਡਾ ਸੀਨੀਅਰ ਅਕਾਲੀ ਨੇਤਾ ਹੁਸ਼ਿਆਰਪੁਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਨੇ ਦੋ ਦਸੰਬਰ 2024 ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕਰਕੇ ਦੋਸ਼ਾਂ ਦੀ ਪੁਸ਼ਟੀ ਕਰਵਾ ਕੇ ਪੰਥਕ ਫੈਸਲਾ ਸੁਣਾਇਆ ਸੀ ਜਿਸ ਨੂੰ ਸਮੁੱਚੀ ਕੌਮ ਨੇ ਪ੍ਰਵਾਨ ਕੀਤਾ ਤੇ ਸਿੰਘ ਸਾਹਿਬਾਨ ਦੀ ਸਲਾਘਾ ਕੀਤੀ ਗਈ ਸੀ ਪਰ ਬਾਦਲ ਦਲ ਦੇ ਕੁਝ ਕਾਰਕੁੰਨਾਂ ਨੂੰ ਇਹ ਪੰਥਕ ਫੈਸਲਾ ਪਸੰਦ ਨਹੀਂ ਆਇਆ ਉਹਨਾਂ ਵੱਲੋਂ ਸਾਜਿਸ਼ ਰਚਕੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਉੱਤੇ ਘਟੀਆ ਕਿਸਮ ਦੇ ਇਲਜਾਮ ਲਗਾ ਕੇ ਬਦਨਾਮ ਕਰਨ ਦਾ ਘਟੀਆ ਕੰਮ ਕੀਤਾ ਉਹਨਾਂ ਕਿਹਾ ਕਿ ਇਹਨਾਂ ਵਿਰੁੱਧ ਇੱਕ ਤਿੰਨ ਮੈਂਬਰੀ ਕਮੇਟੀ ਬਣਾ ਕੇ ਪੜਤਾਲ ਕਰਨ ਦਾ



ਮਤਾ ਪਾਸ ਕੀਤਾ ਗਿਆ ਤਾਂ ਜੋ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਦਿੱਤੇ ਫੈਸਲੇ ਦੀ ਸਜ਼ਾ ਦਿੱਤੀ ਜਾ ਸਕੇ ਸਾਰੀਆਂ ਪੰਥਕ ਸੰਸਥਾਵਾਂ ਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਉਸਦਾ ਬਹੁਤ ਬੁਰਾ ਮਨਾਇਆ ਗਿਆ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਵਲੋਂ ਵੀ ਇਸ ਕਾਰਵਾਈ ਦੀ ਨਿਖੇਧੀ ਕੀਤੀ ਗਈ ਫਿਰ ਵੀ ਬਾਦਲ ਟੋਲੀ ਨੂੰ ਸਮਝ ਨਹੀਂ ਆਈ ਸਗੋਂ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਪ੍ਰਵਾਨ ਕਰਕੇ ਭੇਜਣ ਵਿੱਚ ਕਈ ਦਿਨ ਆਨਾ ਕਾਨੀ ਕੀਤੀ ਗਈ ਤੇ ਕਾਨੂੰਨੀ ਅਰਚਨਾ ਦਾ ਬਹਾਨਾ ਪਾ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲੇ ਨੂੰ ਨਾ ਮੰਨਣ ਦਾ ਕਿਹਾ ਗਿਆ ਉਹਨਾਂ ਕਿਹਾ ਕਿ 10 ਜਨਵਰੀ 2025 ਨੂੰ ਵਰਕਿੰਗ ਕਮੇਟੀ ਵੱਲੋਂ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਪ੍ਰਵਾਨ ਕਰਕੇ ਅਤੇ ਨਾਲ ਹੀ ਅਗਲੀ ਦਲ ਦੀ ਭਰਤੀ ਸਬੰਧੀ ਫੈਸਲਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੱਤ ਮੈਂਬਰੀ ਬਣਾਈ ਕਮੇਟੀ ਤੋਂ ਮੁੱਖ ਮੋੜ ਲਿਆ ਅਤੇ ਸਿੰਘ ਸਾਹਿਬਾਨ ਦੇ ਫੈਸਲੇ ਤੋਂ ਭਗੌੜੇ ਹੋ ਗਏ ਹੈ ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਪੁਨਰ ਸੁਰਜੀਤ ਹੋਣਾ ਮੁਸ਼ਕਿਲ ਤੇ ਨਾਮ ਮੁਨਕਿਨ ਹੋ ਗਿਆ ਹੈ ਸਮੁੱਚੀ ਕੌਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲੇ ਨਾਲ ਚਟਾਨ ਵਾਂਗ ਖੜਨਾ ਚਾਹੀਦਾ ਹੈ ਅਤੇ ਭਗੋੜੇ ਹੋਏ ਟੋਲੇ ਤੋਂ ਦੂਰੀ ਬਣਾਉਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਸਿੰਘ ਸਾਹਿਬ ਦੇ ਆਦੇਸ਼ ਮੁਤਾਬਿਕ ਸ਼੍ਰੋਮਣੀ ਅਕਾਲੀ ਦਲ ਦਾ ਨਿਰਮਾਣ ਸਮੁੱਚੀ ਸੰਗਤ ਦੀ ਇੱਛਾ ਅਨੁਸਾਰ ਹੋ ਸਕੇ ਤਾਂ ਜੋ ਭਵਿੱਖ ਵਿੱਚ ਸਮੁੱਚਾ ਪੰਜਾਬ ਅਤੇ ਸਿੱਖ ਕੌਮ ਚੜ੍ਹਦੀ ਕਲਾ ਵਿੱਚ ਹੋਵੇ!

# ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਸ਼ਾਲੀਮਾਰ ਬਾਗ ਦਿੱਲੀ 'ਚ ਆਪ ਦੀ ਚੋਣ ਮੁਹਿੰਮ ਨੂੰ ਦਿੱਤਾ ਨਵਾਂ ਜੋਸ਼

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਚੱਬੇਵਾਲ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਡਾਕਟਰ ਇਸ਼ਾਂਕ ਕੁਮਾਰ ਪਾਰਟੀ ਦੁਆਰਾ ਸੌਂਪੀ ਗਈ ਜਿੰਮੇਵਾਰੀ ਨਿਭਾਉਂਦਿਆਂ ਦਿੱਲੀ ਦੇ ਸ਼ਾਲੀਮਾਰ ਬਾਗ ਹਲਕੇ ਦੀ ਉਮੀਦਵਾਰ ਬੰਦਨਾ ਕੁਮਾਰੀ ਲਈ ਚੋਣ ਪ੍ਰਚਾਰ ਕਰਨ ਦਿੱਲੀ ਪੁੱਜੇ ਹੋਏ ਹਨ ਙ ਬੀਤੇ ਦਿਨੀਂ ਉਹਨਾਂ ਨੇ ਬੰਦਨਾ ਕੁਮਾਰੀ ਦੇ ਨਾਲ ਸ਼ਾਲੀਮਾਰ ਬਾਗ਼ ਹਲਕੇ ਦੇ ਵਾਰਡ ਇੰਚਾਰਜਾਂ ਨਾਲ ਮੀਟਿੰਗ ਕਰਕੇ ਚੁਣਾਵੀ ਮੁਹਿੰਮ ਨੂੰ ਨਵੀਂ ਰਫਤਾਰ ਦਿੱਤੀ।

ਇਸ ਮੌਕੇ, ਉਨ੍ਹਾਂ ਨੇ ਪਾਰਟੀ ਦੇ ਉਮੀਦਵਾਰ ਸ਼੍ਰੀਮਤੀ ਬੰਦਨਾ ਕੁਮਾਰੀ ਦੇ ਹੱਕ ਵਿੱਚ ਲੋਕਾਂ ਨੂੰ ਲਾਮਬੰਦ ਕਰਨ ਅਤੇ ਪਾਰਟੀ ਦੀ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਜ਼ੋਰ ਦਿੱਤਾ।

ਡਾਕਟਰ ਇਸ਼ਾਂਕ ਕੁਮਾਰ ਨੇ ਮੀਟਿੰਗ ਦੌਰਾਨ ਪਾਰਟੀ ਦੀ



ਨੀਤੀਆਂ ਤੇ ਸਿਧਾਂਤਾਂ ਬਾਰੇ ਗੱਲ ਕੀਤੀ ਅਤੇ ਲੋਕਾਂ ਦੇ ਭਲਾਈ ਪ੍ਰੋਜੈਕਟਾਂ ਦੀ ਉਪਲਬਧੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਦੀਵ ਹੀ ਲੋਕਾਂ ਦੇ ਹੱਕਾਂ ਦੀ ਪੱਖਦਾਰ ਰਹੀ ਹੈ। ਉਹਨਾਂ ਕਿਹਾ ਕੇ ਸ਼੍ਰੀਮਤੀ ਬੰਦਨਾ ਕੁਮਾਰੀ ਇਕ ਸਮਰਪਿਤ ਅਤੇ ਲੋਕਪ੍ਰਿਯ ਉਮੀਦਵਾਰ ਹਨ, ਜੋ ਸੇਵਾ ਦੇ ਜਜ਼ਬੇ ਨਾਲ ਕੰਮ ਕਰ ਰਹੇ ਹਨ।

ਵਾਰਡ ਇੰਚਾਰਜਾਂ ਨੇ ਵੀ ਆਪਣੀਆਂ ਰਿਪੋਰਟਾਂ ਤੇ ਯੋਜਨਾਵਾਂ ਨੂੰ ਸਾਂਝਾ ਕੀਤਾ। ਉਨ੍ਹਾਂ ਨੇ ਦੱਸਿਆ ਕਿ ਲੋਕਾਂ ਵਿੱਚ ਬਹੁਤ ਵਧੀਆ ਪ੍ਰਤੀਕਰਮ ਮਿਲ ਰਿਹਾ ਹੈ ਙ ਉਨ੍ਹਾਂ ਨੇ ਸਾਰਿਆਂ ਨੂੰ ਸੂਚਿਤ ਕੀਤਾ ਕਿ ਇਸ ਚੋਣ ਮੁਹਿੰਮ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਲਿਜਾਇਆ ਜਾਵੇ ਤਾਂ ਜੋ ਪਾਰਟੀ ਨੂੰ ਹਲਕੇ ਵਿੱਚ ਭਾਰੀ ਅੰਤਰ ਨਾਲ ਜਿੱਤ ਮਿਲ ਸਕੇ। ਇਸ ਮੀਟਿੰਗ ਦੇ ਬਾਅਦ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਵੇਖਣ ਨੂੰ ਮਿਲਿਆ ਅਤੇ ਚੁਣਾਵ ਮੈਦਾਨ ਵਿੱਚ ਸ਼੍ਰੀਮਤੀ ਬੰਦਨਾ ਕੁਮਾਰੀ ਦੀ ਜਿੱਤ ਲਈ ਦ੍ਰਿੜ ਨਿਸ਼ਚੇ ਨਾਲ ਨਵੀਂ ਰਣਨੀਤੀ ਬਣਾਈ ਗਈ।

**ਫੋਟੋ ਅਜਮੇਰ ਦੀਵਾਨਾ**

# ਸੜਕ ਸੁਰੱਖਿਆ ਮਹੀਨੇ ਤਹਿਤ ਅੱਖਾਂ ਦਾ ਵਿਸ਼ੇਸ਼ ਕੈਂਪ ਲਗਾਇਆ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ 31 ਜਨਵਰੀ 2025 ਤੱਕ ਮਨਾਏ ਜਾ ਰਹੇ ਸੜਕ ਸੁਰੱਖਿਆ ਮਹੀਨੇ ਤਹਿਤ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀਆਂ ਹਦਾਇਤਾਂ 'ਤੇ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਡਰਾਈਵਰਾਂ ਦੀਆਂ ਅੱਖਾਂ ਦੀ ਜਾਂਚ ਲਈ ਵਿਸ਼ੇਸ਼ ਅੱਖਾਂ ਦਾ ਕੈਂਪ ਲਗਾਇਆ ਗਿਆ। ਇਸ ਦੌਰਾਨ ਖੇਤਰੀ ਟਰਾਂਸਪੋਰਟ ਅਫ਼ਸਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਕੈਂਪ ਦੀ ਅਗਵਾਈ ਜਨਰਲ ਮੈਨੇਜਰ ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਜਸਬੀਰ ਸਿੰਘ ਕੋਟਲਾ ਨੇ ਕੀਤੀ। ਇਸ ਵਿਸ਼ੇਸ਼ ਅੱਖਾਂ ਦੇ ਕੈਂਪ ਵਿੱਚ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਅੱਖਾਂ ਦੇ



ਮਾਹਿਰ ਡਾ: ਮੀਨੂੰ ਸਿੱਧੂ ਅਤੇ ਡਾ: ਦੀਪਕ ਚੌਧਰੀ ਦੀ ਟੀਮ ਨੇ 70 ਦੇ ਕਰੀਬ ਵਿਅਕਤੀਆਂ ਦੀਆਂ ਅੱਖਾਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚ ਬੱਸ ਡਰਾਈਵਰ ਅਤੇ ਆਮ ਲੋਕ ਸ਼ਾਮਲ ਸਨ। ਅੱਖਾਂ ਦੀ ਗੰਭੀਰ ਸਮੱਸਿਆ ਵਾਲੇ ਵਿਅਕਤੀਆਂ ਨੂੰ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਇਲਾਜ ਕਰਵਾਉਣ ਦੀ ਸਲਾਹ ਦਿੱਤੀ ਗਈ। ਇਸ ਦੇ ਨਾਲ ਹੀ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਕੈਂਪ ਦੌਰਾਨ ਜਨਰਲ ਮੈਨੇਜਰ ਨੇ ਸਿਵਲ ਹਸਪਤਾਲ ਦੀ ਡਾਕਟਰੀ ਟੀਮ ਦਾ ਧੰਨਵਾਦ ਕਰਦਿਆਂ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਬੱਸ ਚਾਲਕਾਂ ਨੂੰ ਆਪਣੀਆਂ ਅੱਖਾਂ ਦੀ ਨਿਯਮਤ ਜਾਂਚ ਕਰਵਾਉਣ ਦੀ ਅਪੀਲ ਕੀਤੀ। ਸੜਕ ਸੁਰੱਖਿਆ ਮਹੀਨੇ ਦੀ ਇਸ ਮੁਹਿੰਮ ਦਾ ਮੁੱਖ ਉਦੇਸ਼ ਸੜਕ ਹਾਦਸਿਆਂ ਨੂੰ ਘੱਟ ਕਰਨਾ ਅਤੇ ਸਾਰੇ ਵਾਹਨ ਚਾਲਕਾਂ ਨੂੰ ਜਾਗਰੂਕ ਕਰਨਾ ਹੈ।

# ਨਗਰ ਨਿਗਮ ਵਿਖੇ ਪ੍ਰਾਪਰਟੀ ਟੈਕਸ,ਪਾਣੀ ਤੇ ਸੀਵਰੇਜ਼ ਦੇ ਬਿੱਲਾਂ,ਟਰੇਡ ਲਾਇਸੈਂਸ ਤੇ ਰੈਂਟ/ਤਹਿਬਜ਼ਾਰੀ ਦੀ ਕੁਲੈਕਸ਼ਨ ਸ਼ੁਰੂ - ਡਾ.ਅਮਨਦੀਪ ਕੋਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਕਮਿਸ਼ਨਰ ਨਗਰ ਨਿਗਮ ਡਾ.ਅਮਨਦੀਪ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਪ੍ਰਾਪਰਟੀ ਟੈਕਸ,ਵਾਟਰ ਸਪਲਾਈ ਤੇ ਸੀਵਰੇਜ਼ ਦੇ ਬਿੱਲਾਂ,ਟਰੇਡ ਲਾਇਸੈਂਸ ਅਤੇ ਰੈਂਟ/ਤਹਿਬਜ਼ਾਰੀ ਦੀ ਕੁਲੈਕਸ਼ਨ ਸ਼ੁਰੂ ਹੋ ਗਈ ਹੈ।ਇਸ ਕੰਮ ਲਈ ਨਗਰ ਨਿਗਮ ਦਫਤਰ ਵਿਖੇ ਕਾਊਂਟਰ ਸਥਾਪਿਤ ਕੀਤੇ ਗਏ ਹਨ ਜਿਥੇ ਕਿ ਪਬਲਿਕ



ਕੰਮ ਕਾਜ ਵਾਲੇ ਦਿਨ ਆ ਕੇ ਆਪਣੇ ਬਿੱਲਾਂ ਦੀ ਅਦਾਇਗੀ ਕਰ ਸਕਦੀ ਹੈ।ਉਨ੍ਹਾਂ ਦੱਸਿਆਂ ਕਿ ਪਬਲਿਕ ਦੀ ਸਹੂਲਤ ਕੱਲ੍ਹ 11:00 ਜਨਵਰੀ ਦਿਨ ਸ਼ਨੀਵਾਰ ਨੂੰ ਵੀ ਸਮਾਂ ਸਵੇਰੇ 10 ਵਜੇ ਤੋਂ 1:00 ਵਜੇ ਤੱਕ ਕਾਊਂਟਰ ਖੁੱਲ੍ਹੇ ਰਹਿਣਗੇ ਜਿਥੇ ਕਿ ਪਬਲਿਕ ਆਪਣਾ ਬਣਦਾ ਕੈਸ਼ ਜਮ੍ਹਾਂ ਕਰਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਪਬਲਿਕ ਵਲੋਂ ਕਾਊਂਟਰ 'ਤੇ ਆਪਣਾ ਟੈਕਸ,ਟਰੇਡ ਲਾਇਸੈਂਸ ਅਤੇ ਪਾਣੀ ਅਤੇ ਸੀਵਰੇਜ਼ ਦੇ ਬਿੱਲ ਜਮ੍ਹਾਂ ਕਰਵਾਉਣ ਸਮੇਂ ਘਰ ਦੇ ਬਾਹਰ ਲੱਗੀ ਯੂ.ਆਈ.ਡੀ ਨੰਬਰ ਪਲੇਟ ਦਾ ਵੇਰਵਾ ਵੀ ਲਾਜ਼ਮੀ ਤੌਰ 'ਤੇ ਰਜਿਸਟਰਡ ਕਰਵਾਉਣ ਹੋਵੇਗਾ।

# ਲੈਸਟਰਸ਼ਾਇਰ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ

**ਸਮਾਜ ਵੀਕਲੀ ਯੂ ਕੇ-** ਸੱਬ ਸਿੱਖਣ ਕੋ ਹੁਕਮ ਹੈ ਗੁਰੂ ਮਾਨਯੋ ਗਰੰਥ.....ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਅਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਸਮੇ ਗੁਰਦਵਾਰਾ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਓਡਬੀ ਲ਼ੈਸਟਰਸ਼ਾਇਰ ਵਿਖੇ ਸ਼ਨਿਚਰਵਾਰ 4 ਜਨਵਰੈ ਨੂੰ ਸ਼ਾਮ ਦੇ 7 ਵਜੇ ਸ੍ਰੀ ਅਖੰਡ ਪਾਠ ਅਰੰਭ ਕੀਤੇ ਗਏ ਜਿਨ੍ਹਾ ਦੇ ਭੋਗ ਗੁਰਪੁਰਬ ਵਾਲੇ ਦਿੰਨ ਸੋਮਵਾਰ 6 ਜਨਵਰੀ ਨੂੰ 5 ਵਜੇ ਪਾਏ ਗਏ। ਇਸ ਸਮੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਗੁਰਦਵਾਰਾ ਸਾਹਿਬ ਦੇ ਜਨਰਲ ਸਕੱਤਰ ਗੁਰਜੀਤ ਸਿੰਘ ਸਮਰਾ ਜੀ ਅਤੇ ਪਰਿਵਾਰ ਵਲੋਂ ਕੀਤੀ ਗਈ।

ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਗੁਰਦ-ਵਾਰਾ ਸਾਹਿਬ ਜੀ ਦੇ ਕੀਰਤਨ ਜੱਥੇ ਨੇ ਸੰਗਤਾਂ ਨੂੰ ਨਿਰੋਲ ਕੀਰਤਨ ਨਾਲ ਨਿਹਾਲ ਕੀਤਾ ਅਤੇ ਕਥਾਵਾਚਕ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਗੁਜਰੀ ਜੀ ਸੀ ਅਤੇ ਪਿਤਾ ਜੀ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਸੀ। ਇਨ੍ਹਾਂ ਦਾ ਪ੍ਰਕਾਸ਼ ਸ੍ਰੀ ਪਟਨਾ ਸਾਹਿਬ ਬਿਹਾਰ ਵਿਖੇ 1666 ਨੂੰ ਹੋਇਆ ਸੀ। ਗੁਰੂ ਜੀ ਦੀਆਂ ਸਪੁੱਤਨੀਆ ਦੇ ਨਾਮ ਅਜੀਤ ਕੌਰ ਜੀ, ਸੁੰਦਰ ਕੌਰ ਜੀ ਅਤੇ ਸਾਹਿਬ ਕੌਰ ਜੀ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਪਾਉਂਟਾ ਸਾਹਿਬ, ਜਮਨਾ ਕੰਢੇ 1684 ਅਤੇ ਮੁਕਤਸਰ ਗੁਰੂ ਕੀ ਕਾਸ਼ੀ ਦਮਦਮਾ ਸਾਹਿਬ 1706 ਨੂੰ ਪਵਿੱਤਰ ਨਗਰ ਵਸਾਏ। ਗੁਰੂ ਜੀ ਨੇ ਜਾਪੁ, ਅਕਾਲ ਉਸਤਤਿ, ਚੌਪਾਈ, ਬਚਿੱਤਰ ਨਾਟਕ, ਸਵੈਯੇ, ਸ਼ਬਦ ਹਜਾਰੇ, ਜਫਰਨਾਮਾ ਜੀ ਦੀ ਪਾਵਨ ਬਾਣੀ ਦਸਮ



ਗ੍ਰੰਥ ਵਿੱਚ ਰਚੀ।




ਸਤਵਿੰਦਰ ਸਿੰਘ ਲਾਂਗਰੀ ਜੀ ਨੇ ਸਾਰੀਆਂ ਹੀ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦੀ ਖੁਸ਼ੀ ਤੇ ਲੱਖ ਲੱਖ ਵਧਾਈਆਂ ਦਿੱਤੀਆਂ ਅਤੇ ਰਸੋਈ ਵਿੱਚ ਸੇਵਾ ਕਰਨ ਵਾਲਿਆਂ ਦਾ ਧੰਨਵਾਦ ਕੀਤਾ।

**ਖਾਲਸਾ ਏਡ**

ਗੁਰਪੁਰਬ ਦੀ ਖੁਸ਼ੀ ਨੂੰ ਮੁੱਖ ਰੱਖਦਿਆਂ ਖਾਲਸਾ ਏਡ ਵਲੋਂ ਸੰਗਤਾਂ ਦੀ ਸੇਵਾ ਲਈ ਇਸ ਸਾਲ ਦਾ ਪਹਿਲਾ ਸਟਾਲ ਲਗਾਇਆ ਗਿਆ ਜਿੱਸ ਵਿੱਚ 6 ਸਾਲ ਉਮਰ ਦੇ ਜੋਰਾਵਰ ਸਿੰਘ ਵਿਰਕ ਨੇ ਸਟਾਲ ਸਜਾਉਣ ਵਿੱਚ ਸੇਵਾ ਕਰਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਕਿਹਾ "ਮੈਨੂੰ ਗੁਰਦ-ਵਾਰਾ ਆ ਕੇ ਸੇਵਾ ਕਰਨੀ ਬਹੁੱਤ ਚੰਗੀ ਲੱਗਦੀ ਹੈ"। ਓਡਬੀ ਗੁਰਦਵਾਰਾ ਸਾਹਿਬ ਅਤੇ ਗੁਰਦਵਾਰਾ ਦਸਮੇਸ਼ ਸਾਹਿਬ ਜੀ ਜਿਪਸੀ ਲੇਨ ਵਲੋਂ ਕੁੱਲ ਮਿਲਾ ਕੇ ਸੰਗਤਾਂ ਵਲੋਂ £251 ਖਾਲਸਾ ਏਡ ਲਈ ਸੇਵਾ ਕੀਤੀ ਗਈ।

ਸਮਾਜ ਵੀਕਲੀ ਨਿਊਜ਼

ਖਾਲਸਾ ਏਡ ਦੇ ਸੇਵਾਦਾਰ ਭਾਈ ਬਲਿੰਦਰ ਸਿੰਘ ਜੀ ਨੇ ਕਿਹਾ " ਜਿਨ੍ਹਾਂ ਸੰਗਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਸਮੇ ਆਪਣੇ ਵਲੋਂ ਸੇਵਾ ਕੀਤੀ ਹੈ ਉਨ੍ਹਾਂ



ਸੱਭ ਦਾ ਬਹੁੱਤ ਧੰਨਵਾਦ। ਵਾਹਿਗੁਰੂ ਜੀ ਸੱਭ ਨੂੰ ਖੁਸ਼ੀਆਂ ਅਤੇ ਤੰਦਰੁਸਤੀ ਦਾ ਦਾਨ ਬਖਸ਼ਣ ਜੀ"।

**ਮੁੱਖ ਸੇਵਾਦਾਰ ਵਲੋਂ ਧੰਨਵਾਦ**

ਗੁਰਦਵਾਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮੁੱਖ ਸੇਵਾਦਾਰ ਭਾਈ ਹਰਜਿੰਦਰ ਸਿੰਘ ਰਾਏ ਜੀ ਵਲੋਂ ਬੀਬੀਆਂ ਦੇ ਜੱਥੇ ਦਾ ਅਤੀ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਤਿੰਨੇ ਦਿੰਨ ਤਨ ਮਨ ਧੰਨ ਨਾਲ ਸੇਵਾ ਕੀਤੀ।

ਜਿਨ੍ਹਾ ਜਿਨ੍ਹਾਂ ਸੰਗਤਾਂ ਨੇ ਗੁਰਦਵਾਰਾ ਸਾਹਿਬ ਹੋ ਰਹੀ ਮੁਰੰਮੱਤ ਵਿੱਚ ਯੋਗਦਾਨ ਪਾਇਆ ਹੈ ਉਨ੍ਹਾਂ ਦਾ ਬਹੁੱਤ ਬਹੁੱਤ ਧੰਨਵਾਦ ਕੀਤਾ ਜਾਂਦਾ ਹੈ। ਪ੍ਰਮਾਤਮਾ ਸੇਵਾ ਸਿਮਰਨ ਸੰਗਤ ਚੜ੍ਹਦੀ ਕਲਾ ਦਾ ਦਾਨ ਬਖਸ਼ਣ ਅਤੇ ਦਿੰਨ ਦੁਗਣੀ ਰਾਤ ਚੌਗਣੀ ਤਰੱਕੀਆਂ ਬਖਸ਼ਣ ਜੀ।

ਸੱਭ ਸੰਗਤਾਂ ਜੀ ਨੂੰ ਬੇਨਤੀ ਹੈ ਕਿ ਲੋਹਵੀ ਦੀ ਖੁਸ਼ੀ ਵਿੱਚ 13 ਜਨਵਰੀ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ 4-6 ਵਜੇ ਤੱਕ ਹੋਣਗੇ। ਇਸ ਸਮੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਗੁਰੂ ਕੇ ਲੰਗਰ ਅਤੇ ਦੇਗ ਦੀ ਸੇਵਾ ਗੁਰਵਿੰਦਰ ਸਿੰਘ ਅਤੇ ਪਰਿਵਾਰ ਵਲੋਂ ਹੋਵੇਗੀ।

ਜਿਹੜੇ ਪਰਿਵਾਰਾਂ ਦੇ ਘਰ ਬੱਚੇ ਬੱਚੀ ਦੀ ਪਹਿੱਲੀ ਲੋਹੜੀ ਹੈ, ਉਨ੍ਹਾ ਨੂੰ ਗੁਰਦ-ਵਾਰਾ ਸਾਹਿਬ ਵਲੋਂ ਸਨਮਾਨਿੱਤ ਕੀਤਾ ਜਾਵੇਗਾ।

**ਰਿਪੋਰਟ - ਤਰਲੋਚਨ ਸਿੰਘ ਵਿਰਕ**

# ਧਾਰਮਿਕ ਗੀਤ ( ਤਰੱਕੀ ) ਦੀ ਰਿਕਾਰਡਿੰਗ ਹੋਈ ਮੁਕੰਮਲ ਕੌਰ ਸਿਸਟਰਜ਼

ਪ੍ਰਸਿੱਧ ਗਾਇਕ ਭੈਣਾਂ ਕੌਰ ਸਿਸਟਰਜ਼ ਪ੍ਰਮੀਤ - ਹਰਮੀਤ ਚੱਕ ਰਾਮੂੰ ਵਲੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਉਣ ਵਾਲੇ ਪ੍ਰਕਾਸ਼ ਪੁਰਭ ਨੂੰ ਸਮਰਪਿਤ ਨਵਾਂ ਗੀਤ ( ਤਰੱਕੀ ) ਦੀ ਰਿਕਾਰਡਿੰਗ ਮਿਊਜ਼ਿਕ ਡਰੈਕਟਰ ਰਜਤ ਭੱਟ ਵਲੋਂ ਬੰਗਾ ਦੇ ਸਟੂਡੀਓ ਵਿਖੇ ਰਿਕਾਰਡਿੰਗ ਕੀਤੀ ਗਈ, ਇਸ ਗੀਤ ਨੂੰ ਗੀਤਕਾਰ ਸੰਜੀਵ ਬਾਠ ਵਲੋਂ ਕਲਮ ਬੱਧ ਕੀਤਾ ਗਿਆ ਹੈ, ਇਸ ਗੀਤ ਨੂੰ ਬਹੁਤ ਜਲਦ ਕਿਸੇ ਪ੍ਰਸਿੱਧ ਕੰਪਨੀ ਵਲੋਂ ਰਿਲੀਜ਼ ਜਾਵੇਗਾ, ਇਸ ਲਈ ਸਹਿਯੋਗ ਚਾਂਦੀ ਥੰਮਣ ਵਾਲੀਆ, ਰਣਵੀਰ ਬੇਰਾਜ, ਕੁਲਵੰਤ ਸਰੋਆ, ਕਾਲਾ ਮਖਸੂਸਪੁਰੀ, ਬੱਲੂ ਪੁਰਤਗਾਲ, ਕਰਮਜੀਤ ਹੀਰ, ਸਾਧੂ ਸਿੰਘ ਕੈਨਡਾ, ਮਨਜੀਤ ਕਰਾੜੀ, ਪਰਮਜੀਤ ਖੋਜੇਵਾਲ ਦਾ ਹੈ।

ਸਮਾਜ ਵੀਕਲੀ ਨਿਊਜ਼





# ਝੌਲਾ

ਵਿਹੜੇ ਚ ਬੁਹਕਰ ਮਾਰਦੀ ਬਿੰਦਰੀ ਦੇ ਅਚਾਨਕ ਕੰਨਾਂ ਚ ਨਿਆਣਿਆਂ ਦੀ ਆਵਾਜ਼ ਪਈ,
ਸੁੰਦਰ ਮੁੰਦਰੀਏ ਹੋ,
ਤੇਰਾ ਕੌਣ ਵਿਚਾਰਾ,
.......ਨਿਆਣੇ ਪੂਰਾ ਜ਼ੋਰ ਲਾ ਸੰਘ ਪਾੜਵੀ ਆਵਾਜ਼ ਵਿੱਚ ਲੋਹੜੀ ਦਾ ਗੀਤ ਗਾ ਰਹੇ ਸੀ,
ਹੌਲੀ ਹੌਲੀ ਇਹ ਆਵਾਜ਼ ਐਨ ਉਸਦੇ ਘਰ ਦੇ ਟੁੱਟੇ ਤਖ਼ਤੇ ਕੋਲ਼ ਆ ਹੋਰ ਉੱਚੀ ਹੋ ਗਈ, ਟੁੱਟੀ ਤੇ ਡਿੱਗੂ ਡਿੱਗੂ ਕਰਦੀ ਚੁਗਾਠ ਨਾਲ ਖੜ੍ਹੇ ਨਿਆਣੇ ਡਰ ਵੀ ਰਹੇ ਸੀ ਪਰ ਕੁੱਝ ਮਿਲਣ ਦੀ ਆਸ ਚ ਹੋਰ ਉੱਚੀ ਉੱਚੀ ਗਾਈ ਜਾਂਦੇ ਸੀ ਤੇ ਕਦੀ ਕਦੀ ਘਰ ਅੰਦਰ ਇੱਕ ਆਸ ਨਾਲ ਨਿਗਾਹ ਵੀ ਮਾਰੀ ਜਾਂਦੇ ਸੀ।
ਬਿੰਦਰੀ ਨਿਆਣਿਆਂ ਨੂੰ ਭੁੱਲ ਘਦੋਲੀਂ ਦਾ ਆਸਰਾ ਲੈ ਭੁੰਜੇ ਬੈਠ ਗਈ,ਕਿੰਨਾ ਸੋਹਣਾ ਬਚਪਨ ਸੀ, ਤਿੰਨੋ ਭੈਣ ਭਾਈ ਸਾਰੇ ਪਿੰਡ ਲੋਹੜੀ ਮੰਗਦੇ ਫਿਰਦੇ, ਕਈ ਵਾਰ ਉਹ ਵੀ ਟੁੱਟੇ ਤਿੜਕੇ ਡਿੱਗ ਡਿੱਗ ਕਰਦੇ ਘਰਾਂ ਚ ਜਾਂਦੇ ਸੀ,ਛੋਟਾ ਵੀਰ ਅਕਸਰ ਬੋਲਦਾ ਇਹਨਾਂ ਆਪਾ ਨੂੰ ਕੀ ਦੇਣਾ ਇਹ ਤਾਂ ਆਪ ਮੰਗਣ ਗਏ ਹੋਣੇ ,ਪਰ ਵੱਡੇ ਵੀਰ ਨੇ ਕਹਿਣਾ ਓਹ ਤੂੰ ਚੁੱਪ ਕਰ,ਦੇਖੀ ਹੁਣੀ ਕੋਈ ਬੇਬੇ ਆਈ ਲੈ ਅੰਦਰੋ,ਵੇਖੀ ਲਈ ਨਾਲੇ ਪਾਥੀਆਂ ਦਿਓ ਨਾਲੇ ਗੁੜ ਦੀ ਰੋੜੀ,ਤੇ ਸੱਚੀ ਉਹੀ ਗੱਲ ਹੋਣੀ ,ਵੱਡੇ ਘਰਾਂ ਵਾਲੇ ਤਾਂ ਬਾਹ਼ਲੀ ਵਾਰ ਬਾਰ ਹੀ ਨਾ ਖੋਲ੍ਹਦੇ ਜਾ ਫੇਰ ਝਿੜਕਾਂ ਦੇ ਅੱਗੇ ਤੋਰ ਦਿੰਦੇ, ਸੋਚਾਂ ਚ ਡੁੱਬੀ ਨੇ ਇੱਕ ਲੰਮਾ ਤੇ ਦੁੱਖ ਭਰਿਆ ਹਉਂਕਾ ਲੈ ਬਾਰ ਵੱਲ ਨਜ਼ਰ ਮਾਰੀ,ਨਿਆਣੇ ਅਜੇ ਵੀ ਸੰਘ ਦੀਆ ਨਾੜਾ ਫੁਲਾ ਫੁਲਾ ਲੋਹੜੀ ਦਾ ਗੀਤ ਗਾ ਰਹੇ ਸੀ, ਬਿੰਦਰੀ ਅੰਦਰ ਵੜੀਂ ਤੇ ਪੀਪੇ ਚ ਜਿੰਨਾ ਕੁ ਆਟਾ ਸੀ ਤੜਕੇ ਜੋਗਾ ਰੱਖ ਬਾਕੀ ਨਿਆਣਿਆਂ ਨੂੰ ਪਾ ਦਿੱਤਾ ਤੇ ਕਿਹਾ ਆਹ ਪਾਥੀਆਂ ਵੀ ਚੱਕਲੋ,ਨਿਆਣੇ ਇੱਕ ਦੂਜੇ ਤੋਂ ਮੂਹਰੇ ਹੋ ਨੱਚਦੇ ਟੱਪਦੇ ਉੱਚੀ ਉੱਚੀ ਹੱਸਦੇ ਪਾਥੀਆਂ ਚੁੱਕੀ ਜਾਣ,ਤੇ ਬਿੰਦਰੀਂ ਇੱਕ ਖੂੰਜੇ ਲੱਗ ਉਹਨਾਂ ਜਵਾਕਾ ਨੂੰ ਦੇਖ ਖੁਸ਼ ਹੋਈ ਦੇਖਦੀ ਦੇਖਦੀ ਨੂੰ ਝੌਲਾ ਪਿਆ ਜਿਵੇਂ ਉਸਦੇ ਨਾਲ ਦਾ ਜੰਮਿਆ ਵੀਰ ਜੋਂ ਰੱਬ ਨੂੰ ਪਿਆਰਾ ਹੋ ਗਿਆ ਸੀ ਉਹ ਆਪ ਆਇਆ ਉਹਦੇ ਘਰ,ਲੋਹੜੀ ਮੰਗਣ ਦੇ ਬਹਾਨੇ ਨਾਲ,
'ਵੇ ਖੜਜੋ ਨਿਆਣਿਉ, ਠੰਡ ਬਾਹ਼ਲੀ ਹੈ,ਆਹ ਥੋੜ੍ਹੇ ਭੁੱਜੇ ਦਾਣੇ ਹਨ ਰਾਹ ਚ ਜਾਂਦੇ ਜਾਂਦੇ ਚੱਬ ਲਿਓ '
ਪਤਾ ਨਹੀਂ ਕਿਉ ਅੱਜ ਬਿੰਦਰੀ ਨੂੰ ਓਹਨਾ ਨਿਆਣਿਆਂ ਵਿੱਚੋ ਆਪਣਾ ਅਤੀਤ ਨਜ਼ਰ ਆ ਰਿਹਾ ਸੀ,ਵਾਰ ਵਾਰ ਝੌਲਾ ਪੈ ਰਿਹਾ ਸੀ ਵੱਡੇ ਵੀਰ ਦਾ,ਪਤਾ ਹੀ ਨਹੀਂ ਲੱਗ ਰਿਹਾ ਸੀ ਕਿ ਅੱਖਾਂ ਚੋ ਵਾਹੋਦਾਹੀ ਡਿੱਗ ਰਹੇ ਅੱਥਰੂ ਖੁਸ਼ੀ ਦੇ ਹਨ ਜਾ ਦੂੱਖ ਦੇ,
ਬਾਜਾ ਬਈ ਬਾਜਾ ,
ਇਹ ਘਰ ਰਾਜਾ,
ਬਾਹਰ ਨਜ਼ਰ ਮਾਰੀ ਤਾਂ ਨਿਆਣੇ ਟਪੂਸੀਆ ਮਾਰਦੇ ਉੱਚੀ ਉੱਚੀ ਹੱਸਦੇ ਘਰਾ ਨੂੰ ਜਾ ਰਹੇ ਸੀ ਕਦੀ ਕਦੀ ਝੌਲਾ ਪੈਂਦਾ ਬਿੰਦਰੀ ਆਪ ਉਹਨਾਂ ਨਾਲ ਤੁਰੀ ਜਾਂਦੀ ਹੈ, ਹੌਲੀ ਹੌਲੀ ਆਵਾਜ਼ ਆਉਣੀ ਬੰਦ ਹੋ ਗਈ ਅਤੇ ਬਿੰਦਰੀ ਦੇ ਅੱਥਰੂ ਵੀ



ਮਨਪ੍ਰੀਤ ਕੌਰ ਸੰਧੂ
ਮੁੰਬਈ

# ਪੰਜੀਰੀ, ਪਿੰਨੀਆਂ ਛੱਡ ਬਰਗਰ , ਪੀਜ਼ੇ ਨੂੰ ਤਰਜੀਹ ਦੇਣ ਲੱਗੇ ਨੌਜਵਾਨ



ਸਿਆਲ ਦਾ ਮਹੀਨਾ ਸ਼ੁਰੂ ਹੁੰਦੇ ਹੀ ਤਕਰੀਬਨ ਘਰਾਂ ਵਿੱਚ ਗਰਮ ਚੀਜ਼ਾਂ ਖਾਣ ਲਈ ਬਣਾ ਲਈ ਜਾਂਦੀਆਂ ਹਨ। ਕੋਈ ਵੇਲਾ ਹੁੰਦਾ ਸੀ ,ਅਕਸਰ ਪੰਜਾਬੀ ਲੋਕ ਘਰ ਦੀ ਬਣੀ ਚੀਜ਼ਾਂ ਜਿਵੇਂ ਪੰਜੀਰੀ ਪਿੰਨੀਆਂ, ਗਜਰੇਲਾ ਖਾਣ ਨੂੰ ਬਹੁਤ ਪਸੰਦ ਕਰਦੇ । ਪੰਜਾਬੀ ਲੋਕ ਆਪਣੀ ਸਿਹਤ ਦਾ ਬਹੁਤ ਧਿਆਨ ਰੱਖਦੇ ਸਨ। ਅੱਜ ਵਿਸ਼ਵ ਦੇ ਕਿਸੇ ਵੀ ਕੋਨੇ ਵਿੱਚ ਚਲੇ ਜਾਓ, ਪੰਜਾਬੀ ਕਿਸੇ ਤੋਂ ਘੱਟ ਨਹੀਂ ਹਨ। ਬੁਲੰਦੀਆਂ ਨੂੰ ਛੂਹ ਰਹੇ ਹਨ। ਵਿਸ਼ਵ ਬੈਂਕ ਅਮਰੀਕਾ ਦੀ ਪ੍ਰਧਾਨਗੀ ਇੱਕ ਪੰਜਾਬੀ ਕਰ ਰਿਹਾ ਹੈ ,ਬਹੁਤ ਮਾਣ ਵਾਲੀ ਗੱਲ ਹੈ। ਕਈ ਦੇਸ਼ਾਂ ਵਿੱਚ ਸੰਸਦ ਪੰਜਾਬੀ ਹਨ। ਅਹਿਮ ਪੋਸਟਾਂ ਤੇ ਹਨ । ਖੁੱਲੇ ਦਿਲ ਵਾਲੇ ਪੰਜਾਬੀ ਪੈਸੇ ਦੀ ਪਰਵਾਹ ਨਹੀਂ ਕਰਦੇ। ਅਕਸਰ ਸੁਣਦੇ ਹੀ ਹਾਂ ਕਿ ਪੰਜਾਬੀ ਲੱਖਾਂ ਲੱਖਾਂ ਰੁਪਏ ਵਿਆਹਾਂ ਤੇ ਖ਼ਰਚ ਦਿੰਦੇ ਹਨ। ਚਾਹੇ ਕਈ ਵੀ ਛੋਟਾ ਜਿਹਾ ਪ੍ਰੋਗਰਾਮ ਕਿਉਂ ਨਾ ਕਰਨਾ ਪਵੇ। ਆਪਣੀ ਜ਼ਿੰਦਗੀ ਅਨੰਦਮਈ ਬਤੀਤ ਕਰਦੇ ਹਨ ।ਖੁੱਲਾ ਖਾਂਦੇ ਹਨ ,ਵਧੀਆ ਪਹਿਨਦੇ ਹਨ ,ਸੋਚ ਵੀ ਵਧੀਆ ਹੈ, ਉੱਚੇ ਲੰਮੇ ਗੱਭਰੂ ਧਮਾਲਾਂ ਪਾਉਂਦੇ ਹਨ। ਕਿਸੇ ਨੂੰ ਮਦਦ ਦੀ ਲੋੜ ਹੋਵੇ ,ਅੱਗੇ ਪਿੱਛੇ ਫਿਰ ਨਹੀਂ ਦੇਖਦੇ ਹਨ। ਪੈਸੇ ਤੇਲੇ ਨਾਲ ਵੀ ਮਦਦ ਕਰ ਦਿੰਦੇ ਹਨ। ਕਹਿਣ ਦਾ ਮਤਲਬ ਹੈ ਕਿ ਪੰਜਾਬੀ ਕਿਸੇ ਤੋਂ ਘੱਟ ਨਹੀਂ ਹਨ।

ਜਿਵੇਂ ਜਿਵੇਂ ਵਿਗਿਆਨ ਤਰੱਕੀ ਕਰਦਾ ਗਿਆ,ਪੰਜਾਬੀ ਸੱਭਿਆਚਾਰ ਹੌਲੀ ਹੌਲੀ ਖ਼ਤਮ ਹੁੰਦਾ ਜਾ ਰਿਹਾ ਹੈ। ਸਰਦੀਆਂ ਵਿੱਚ ਅਕਸਰ ਜਦੋਂ ਨਵੰਬਰ ਦਾ ਮਹੀਨਾ ਸ਼ੁਰੂ ਹੋਣਾ ਹਰ ਘਰ ਵਿੱਚ ਪੰਜੀਰੀ, ਪਿੰਨੀਆਂ, ਗਜਰੇਲਾਂ ਆਮ ਹੁੰਦਾ ਸੀ। ਚੁੱਲੇ ਤੇ ਇਹ ਚੀਜ਼ਾਂ ਬਣਾਈਆਂ ਜਾਂਦੀਆਂ ਸਨ ,ਕਿਉਂਕਿ ਹਰ ਘਰ ਪਸ਼ੂ ਰੱਖੇ ਹੁੰਦੇ ਸਨ ।ਪਾਥੀਆਂ, ਗੋਹੇ ਹੁੰਦੇ ਸਨ। ਜੋ ਪਸ਼ੂਆਂ ਦਾ ਦੁੱਧ ਹੁੰਦਾ ਸੀ ਉਸ ਨੂੰ ਵੇਚਿਆ ਨਹੀਂ ਜਾਂਦਾ ਸੀ। ਉਸ ਨੂੰ ਜਮਾ ਕੇ ਰਿੜਕ ਕੇ ਘਰ ਦਾ ਹੀ ਘਿਓ ਬਣਾ ਲਿਆ ਜਾਂਦਾ ਸੀ। ਆਪਸੀ ਪ੍ਰੀਤ, ਪਿਆਰ ਬਹੁਤ ਹੁੰਦਾ ਸੀ। ਜਿਵੇਂ ਜਿਵੇਂ ਪੱਛਮੀ ਸੱਭਿਅਤਾ ਦਾ ਸਾਡੇ ਤੇ ਅਸਰ ਪੈਣਾ ਸ਼ੁਰੂ ਹੋਇਆ, ਅਸੀਂ ਘਰ ਵਿੱਚ ਪਸ਼ੂ ਰੱਖਣੇ ਹੀ ਬੰਦ ਕਰ ਦਿੱਤੇ। ਜਮੀਨਾਂ ਰਹੀਆਂ ਨਹੀਂ ,ਕਰੋੜਾਂ ਰੁੱਪਏ ਵਿੱਚ ਜਮੀਨਾਂ ਵਿਕ ਰਹੀਆਂ ਹਨ। ਜਮੀਨਾਂ ਤੇ ਵੱਡੇ ਵੱਡੇ ਫਲੈਟ ਬਣ ਗਏ ਹਨ । ਮੋਟੀਆਂ ਮੋਟੀਆਂ ਕਾਰਾਂ ਪੰਜਾਬੀਆਂ ਦੇ ਥੱਲੇ ਹਨ। ਖੇਤੀ ਕੋਈ ਕਰਨਾ ਨਹੀਂ ਚਾਹੁੰਦਾ, ਜੇ ਮਾੜੀ ਮੋਟੀ ਖੇਤੀ ਹੈ, ਉਸ ਨੂੰ ਠੇਕੇ ਤੇ ਦੇ ਦਿੱਤਾ ਗਿਆ ਹੈ। ਘਰ ਵਿੱਚ ਅਕਸਰ ਚੁੱਲਿਆਂ ਤੇ ਸਾਗ ਬਣਾਏ ਜਾਂਦੇ ਸਨ। ਹਾਜ਼ਮਾ ਵੀ ਲੋਕਾਂ ਦਾ ਠੀਕ ਸੀ। ਕੜਾਹੀ ਵਿੱਚ ਦੁੱਧ ਪਾ ਕੇ ਖੋਆ ਮਾਰ ਲਿਆ ਜਾਂਦਾ ਸੀ। ਮਿੱਟੀ ਦਾ ਚੁੱਲਾ ਤਾਂ ਕੋਈ ਵਿਰਲੇ ਦੇ ਘਰ ਦੇਖਣ ਨੂੰ ਮਿਲੇਗਾ। ਜਦੋਂ ਘਰਾਂ ਵਿੱਚ ਚੁੱਲੇ ਤੇ ਪੰਜੀਰੀ ਬਣਾਈ ਜਾਂਦੀ ਸੀ, ਆਪਸ ਵਿੱਚ ਗਲੀ ਗੁਆਂਢ ਸ਼ਰੀਕੇ ਵਿੱਚ ਦੇ ਵੀ ਦਿੱਤੀ ਜਾਂਦੀ ਸੀ। ਪੰਜੀਰੀਆਂ ਖਾ ਕੇ ਖੇਤਾਂ ਵਿੱਚ ਕੰਮ ਕੀਤਾ ਜਾਂਦਾ ਸੀ ।ਇਹ ਪੰਜੀਰੀ, ਪਿੰਨੀਆਂ ਹਜ਼ਮ ਹੋ ਜਾਂਦੇ ਸਨ, ਕਿਸੇ ਨੂੰ ਕੋਈ ਬਿਮਾਰੀ ਵੀ ਨਹੀਂ ਸੀ ਹੁੰਦੀ। ਜਦੋਂ ਘਰ ਵਿੱਚ ਨਵਾਂ ਬੱਚਾ ਪੈਦਾ ਹੁੰਦਾ ਸੀ ਤਾਂ ਪੰਜੀਰੀ ਮਾਂ ਲਈ ਤਿਆਰ ਕੀਤੀ ਜਾਂਦੀ ਸੀ ,ਉਸ ਵਿੱਚ ਬਦਾਮ ,ਕਾਜੂ,ਕਿਸਮਿਸ਼, ਹਰੜ, ਕਮਰ ਕਸ, ਮਗ਼ਜ਼ ,ਗੋਂਦ ਪਤਾ ਨਹੀਂ ਹੋਰ ਕਿੰਨੀਆਂ ਹੀ ਚੀਜ਼ਾਂ ਪਾ ਕੇ ਬਣਾਈ ਜਾਂਦੀ ਸੀ, ਤਾਂ ਜੋ ਮਾਂ ਜਲਦੀ ਸਿਹਤਮੰਦ ਹੋਏ। ਠੀਕ ਇਸੇ ਤਰ੍ਹਾਂ ਖੋਆ ਕੱਢ ਕੇ, ਗਾਜਰਾਂ ਕੱਦੂਕਸ ਕਰਕੇ ਗਜਰੇਲਾ ਬਣਾ ਲਿਆ ਜਾਂਦਾ ਸੀ। ਉਸ ਵਿੱਚ ਵੀ ਮੇਵੇ ਪਾ ਲਏ ਜਾਂਦੇ ਸਨ। ਜੇ ਪਿੰਨੀਆਂ ਬਣਾਉਣੀ ਹੁੰਦੀਆਂ ਸਨ, ਕੜਾਹੀ 'ਚ ਆਟਾ ਭੁੰਨ ਲਿਆ ਜਾਂਦਾ ਸੀ ,ਖੋਆ ਪਾ ਲਿਆ ਜਾਂਦਾ ਸੀ। ਕਹਿਣ ਦਾ ਮਤਲਬ ਹੈ ਕਿ ਘਰ ਦੀ ਹਰ ਚੀਜ਼ ਨੂੰ ਤਰਜੀਹ ਦਿੱਤੀ ਜਾਂਦੀ ਸੀ। ਸਭ ਕੁਝ ਅੱਖਾਂ ਸਾਹਮਣੇ ਬਣਾਇਆ ਜਾਂਦਾ ਸੀ।

ਅੱਜ ਸਮਾਂ ਬਦਲਿਆ। ਪੰਜੀਰੀਆਂ ,ਪਿੰਨੀਆਂ ਬਣਾਉਣੀਆਂ ਹੀ ਲੋਕ ਛੱਡ ਚੁੱਕੇ ਹਨ। ਪਹਿਲੀ ਗੱਲ ਤਾਂ ਅੱਜ ਕੱਲ ਦੀਆਂ ਸੁਹਾਣੀਆਂ ਨੂੰ ਪਿੰਨੀਆਂ, ਪੰਜੀਰੀ ਬਣਾਉਣੀ ਹੀ ਨਹੀਂ ਆਉਂਦੀ । ਸਮਾਂ ਹੀ ਨਹੀਂ ਹੈ ਕਿਸੇ ਕੋਲ।ਸਾਰਾ ਕੁੱਝ ਬਾਜ਼ਾਰ ਵਿੱਚੋਂ ਮਿਲ ਜਾਂਦਾ ਹੈ। ਅਕਸਰ ਆਮ ਗੱਲਾਂ ਕਰਦੇ ਹਨ ਕਿ ਸਿਹਤ ਨਹੀਂ ਠੀਕ ਰਹਿੰਦੀ ਜੀ, ਹਾਜ਼ਮਾ ਸਹੀ ਨਹੀਂ ਰਹਿੰਦਾ ਇਹ ਚੀਜ਼ਾਂ ਖਾ ਕੇ।ਅਸੀਂ ਬਾਜ਼ਾਰ ਤੋਂ ਪਿੰਨੀਆਂ ਲੈ ਕੇ ਆਉਂਦੇ ਹਨ। ਵਿਚਾਰ ਕਰਨ ਵਾਲੀ ਗੱਲ ਹੈ ਕਿ ਪਤਾ ਕਿਹੋ ਜਿਹੇ ਘਿਓ ਨਾਲ ਉਹ ਪਿੰਨੀਆਂ ਬਣਾਈ ਜਾਂਦੀਆਂ ਹਨ? ਜਾਂ ਕਿਹੋ ਜਿਹੀਆਂ ਖੋਆ ਵਰਤਿਆ ਜਾਂਦਾ ਹੈ ।ਅਕਸਰ ਅਸੀਂ ਸੁਣਦੇ ਹੀ ਹਾਂ ਕਿ ਤਿਉਹਾਰਾਂ ਦੇ ਸੀਜ਼ਨ ਵਿੱਚ ਸਿਹਤ ਮੰਤਰਾਲਾ ਨਕਲੀ ਦੁੱਧ ,ਖੋਆ ,ਕੁਇੰਟਲਾਂ ਦੇ ਹਿਸਾਬ ਨਾਲ ਫੜਦਾ ਹੈ ।ਹੁਣ ਵੀ ਪਿੱਛੇ ਜੇ ਯੂਪੀ, ਬਿਹਾਰ ਵਿੱਚ ਦੋ ਤਿੰਨ ਫੈਕਟਰੀਆਂ ਨਕਲੀ ਦੁੱਧ ,ਖੋਆ, ਘਿਓ ਤਿਆਰ ਕਰਦੀਆਂ ਸਨ, ਜਿਨ੍ਹਾਂ ਤੇ ਸਿਹਤ ਵਿਭਾਗ ਵੱਲੋਂ ਕਾਰਵਾਈ ਕੀਤੀ ਗਈ।ਹਾਲ ਹੀ ਵਿੱਚ ਸੰਸਦ ਵਿੱਚ ਮਿਲਾਵਟੀ ਘਿਓ, ਦੁੱਧ ਦਾ ਮੁੱਦਾ ਚੁੱਕਿਆ। ਅੰਕੜੇ ਮੁਤਾਬਕ ਇੰਨੇ ਪਸ਼ੂ ਨਹੀਂ ਹਨ, ਜਿੰਨਾ ਕਿ ਨਕਲੀ ਦੁੱਧ ਤਿਆਰ ਹੋ ਰਿਹਾ ਹੈ।

ਅੱਜ ਪੰਜਾਬੀਆਂ ਨੇ ਪਿੰਨੀਆਂ, ਪੰਜੀਰੀਆਂ ਖਾਣੀਆਂ ਛੱਡ ਦਿੱਤੀਆਂ ਹਨ। ਬਰਗਰ, ਪੀਜ਼ੇ ਹੋਰ ਪਤਾ ਨਹੀਂ ਕਿੰਨੇ ਹੀ ਤਰ੍ਹਾਂ ਦੇ ਜੰਕ ਫੂਡਾਂ ਨੂੰ ਤਰਜੀਹ ਦੇਣ ਲੱਗ ਪਏ ਹਨ। ਛੋਟੀ ਛੋਟੀ ਉਮਰ ਦੇ ਬੱਚੇ ਮੋਟਾਪੇ ਦਾ ਸ਼ਿਕਾਰ ਹੋ ਰਹੇ ਹਨ। ਛੋਟੀ ਛੋਟੀ ਉਮਰ ਦੇ ਬੱਚਿਆਂ ਨੂੰ ਕਬਜ਼ ,ਪੇਟ ਦੀਆਂ ਸਮੱਸਿਆਵਾਂ ਨੇ ਘੇਰ ਲਿਆ ਹੈ। ਜ਼ਿਆਦਾਤਰ ਲੋਕ ਮੋਟੇ ਹੋ ਰਹੇ ਹਨ। ਕਈ ਤਾਂ ਅਜਿਹੇ ਪਰਿਵਾਰ ਹਨ ਜਿਹੜੇ ਘਰ ਬਿਲਕੁਲ ਵੀ ਖਾਣਾ ਨਹੀਂ ਬਣਾਉਂਦੇ, ਬਾਹਰ ਹੀ ਘੁੰਮਣ ਜਾਂਦੇ ਹਨ, ਉੱਥੇ ਹੀ ਖਾਣਾ ਖਾ ਕੇ ਆ ਜਾਂਦੇ ਹਨ ।ਜੰਕ ਫੂਡ ਖਾਣ ਦਾ ਦਿਨੋ ਦਿਨ ਰੁਝਾਨ ਵੱਧ ਗਿਆ ਹੈ। ਮੋਮੋਜ, ਨਿਊਡਲਜ ਜੋ ਇਹ ਮੈਦੇ ਨਾਲ ਬਣਦੇ ਹਨ, ਛੋਟੇ ਬੱਚੇ ਘਰ ਦਾ ਖਾਣਾ ਘੱਟ ਖਾ ਕੇ ਖੁਸ਼ ਹਨ, ਇਹਨਾਂ ਚੀਜ਼ਾਂ ਨੂੰ ਖਾ ਕੇ ਬਹੁਤ ਜਿਆਦਾ ਖੁਸ਼ ਹੁੰਦੇ ਹਨ। ਬਾਹਰੀਆਂ ਚੀਜ਼ਾਂ ਖਾਣ ਕਰਕੇ ਅਸੀਂ ਘਰ ਦੀਆਂ ਚੰਗੀਆਂ ਚੀਜ਼ਾਂ ਨੂੰ ਛੱਡ ਚੁੱਕੇ ਹਨ। ਜਿੰਨੀ ਵੀ ਇਹ ਚੀਜ਼ਾਂ ਹਨ ਇਹ ਘਟੀਆ ਰਿਫਾਇੰਡ,ਤੇਲ ਵਿੱਚ ਤਿਆਰ ਕੀਤੀ ਜਾਂਦੀਆਂ ਹਨ। ਰਾਤ ਨੂੰ ਰਿਫਾਇੰਡ ਬਚ ਗਿਆ, ਅਗਲੇ ਦਿਨ ਓਹੀਂ ਤੇਲ ਵਿੱਚ ਹੀ ਬਰਗਰ , ਪੀਜ਼ੇ ਤੱਲ ਲਏ ਜਾਂਦੇ ਹਨ। ਜਿਹੜੇ ਬਣਾਉਣ ਵਾਲੇ ਹੁੰਦੇ ਹਨ ਉਹਨਾਂ ਦੇ ਕਿਹੜਾ ਹੱਥ ਸਾਫ ਸੁਥਰੇ ਹੁੰਦੇ ਹਨ ।ਸ਼ਾਮ ਨੂੰ ਖੁੱਲੀ ਥਾਂ ਤੇ ਇੱਕ ਜਗ੍ਹਾ ਤੇ 15-20 ਰੇੜੀਆਂ ਜੰਕ ਫੂਡ ਤਿਆਰ ਕਰਦੀਆਂ ਹਨ। ਉੱਥੇ ਇੰਨਾ ਭੀੜ ਭੜੱਕਾ ਹੁੰਦਾ ਹੈ ਕਿ ਤਿਲ ਸੁੱਟਣ ਨੂੰ ਜਗ੍ਹਾ ਨਹੀਂ ਹੁੰਦੀ, ਦੇਖਣ ਤੇ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਰਾਤ ਨੂੰ ਰੋਟੀ ਹੀ ਬਣਾਉਣੀ ਪਰਿਵਾਰ ਛੱਡ ਚੁੱਕੇ ਹਨ। ਜੰਕ ਫੂਡ ਜਿੰਨਾ ਹੋ ਸਕੇ ਘੱਟ ਖਾਓ ,ਮਾਂ ਬਾਪ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਸਮਝਾਉਣ। ਜੋ ਆਪਣੇ ਘਰ ਦੀ ਬਣੀਆਂ ਚੀਜ਼ਾਂ ਹਨ ਉਹਨਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ।ਜਿਸ ਨਾਲ ਸਰੀਰ ਵੀ ਤੰਦਰੁਸਤ ਰਹਿੰਦਾ ਹੈ ।ਸਾਨੂੰ ਇਹਨਾਂ ਚੀਜ਼ਾਂ ਵੱਲ ਮੁੜ ਆਉਣਾ ਪੈਣਾ ਹੈ। ਘਰ ਦੀ ਬਣੀ ਪੰਜੀਰੀਆਂ, ਪਿੰਨੀਆਂ ਖਾਣੀ ਚਾਹੀਦੀਆਂ ਹਨ । ਸਰਦੀ ਵਿੱਚ ਇਹ ਗਰਮ ਹੁੰਦੀਆਂ ਹਨ ,ਸਰੀਰ ਨੂੰ ਬਹੁਤ ਫ਼ਾਇਦਾ ਦਿੰਦੀਆਂ ਹਨ। ਜੰਕ ਫੂਡ ਨਾਲ ਤੁਸੀਂ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਨੂੰ ਸੱਦਾ ਦੇ ਰਹੇ ਹੋ। ਅਕਸਰ ਮੈਦਾ ਪੇਟ ਵਿੱਚ ਜੰਮਣ ਕਰਕੇ ਤੁਹਾਡਾ ਪੇਟ ਵੀ ਸਹੀ ਸਾਫ਼ ਨਹੀਂ ਹੁੰਦਾ। ਮਾਹਿਰ ਤਾਂ ਦੱਸਦੇ ਹਨ ਕਿ ਇਹ 72 ਘੰਟੇ ਤੋਂ ਪਹਿਲੇ ਗਲਦਾ ਨਹੀਂ। ਫਿਰ ਤੁਸੀਂ ਇਹ ਜਹਿਰ ਕਿਉਂ ਖਾ ਰਹੇ ਹੋ? ਆਓ ਆਪਣੇ ਸੱਭਿਆਚਾਰ ਵੱਲ ਮੁੜ ਚੱਲੀਏ। ਘਰ ਦੇ ਬਣੇ ਖਾਣੇ ਨੂੰ ਤਰਜੀਹ ਦਈਏ। ਘਰ ਦਾ ਬਣਿਆ ਖਾਣਾ ਖਾਣ ਨਾਲ ਤੁਸੀਂ ਹਮੇਸ਼ਾ ਤੰਦਰੁਸਤ ਰਹਿੰਦੇ ਹੋ।



ਸੰਜੀਵ ਸਿੰਘ ਸੈਣੀ,
ਮੋਹਾਲੀ,7888966168

# ਜਦੋਂ ਮੈਨੂੰ ਸੱਚੀਂ ਮੁੱਚੀਂ ਦਾ ਪ੍ਰਮਾਤਮਾ ਮਿਲਿਆ

25 ਫਰਵਰੀ 2014 ਨੂੰ ਅਸੀਂ ਸ਼ਾਮ ਨੂੰ ਹੈਦਰਾਬਾਦ ਪਹੁੰਚੇ । ਜਿਸ ਥਾਂ ਤੇ ਅਸੀਂ ਜਾਣਾ ਸੀ ਉਹ ਇੱਕ ਪੇਂਡੂ ਇਲਾਕਾ ਸੀ । ਅਨਜਾਣ ਇਲਾਕਾ ਹੋਣ ਕਰਕੇ ਸਾਨੂੰ 35 ਕਿਲੋਮੀਟਰ ਦਾ ਸਫਰ ਪੰਜ ਸੌ ਰੁਏ ਦੀ ਟੈਕਸੀ ਕਰਕੇ ਕਰਨਾ ਪਿਆ । ਉਥੋਂ ਵਾਪਸ ਮੈਂ ਇੱਕਲੇ ਨੇ ਆਉਣਾ ਸੀ । ਰਾਤ ਪੈ ਚੁੱਕੀ ਸੀ । ਰਾਤ ਠਹਿਰਣ ਦੇ ਇੰਤਜ਼ਾਮ ਬਾਰੇ ਖੋਜ ਕੀਤੀ , ਕੋਈ ਸਫਲਤਾ ਨਾ ਮਿਲੀ ।

ਪਤਾ ਲੱਗਾ ਕਿ ਉਥੋਂ ਪੰਜ ਕਿਲੋਮੀਟਰ ਦੂਰ ਲਿੰਗਮਪੱਲੀ ਕਸਬੇ ਵਿੱਚ ਇੰਤਜ਼ਾਮ ਹੋ ਸਕਦਾ ਹੈ । ਮੈਂ ਉਸ ਕਸਬੇ ਵਿੱਚ ਪਹੁੰਚਣ ਦਾ ਤਰੀਕਾ ਪੁੱਛਿਆ , ਤਾਂ ਪਤਾ ਲੱਗਾ ਕਿ ਇੱਕੋ ਇੱਕ ਰਸਤਾ ਹੈ , ਆਟੋ ਰਿਕਸ਼ਾ ! ਪਰ ਉਹ ਵੀ ਰਾਤ ਦਾ ਵਕਤ ਹੋਣ ਕਰਕੇ ਕਿਤੇ ਨਜਰ ਨਹੀਂ ਸਨ ਆ ਰਹੇ ।

ਇੱਕ ਦੁਕਾਨਦਾਰ ਨੇ ਦੱਸਿਆ ਕਿ ਇਥੋਂ ਤਕਰੀਬਨ ਇੱਕ ਕਿਲੋਮੀਟਰ ਤੇ ਇੱਕ ਬੱਤੀ ਚੌਂਕ ਹੈ ਉੱਥੋਂ ਆਟੋ ਆਰਾਮ ਨਾਲ ਮਿਲ ਜਾਏਗਾ । ਇੱਕ ਦੋ ਲੋਕਾਂ ਤੋਂ ਹੋਰ ਤੱਸਲੀ ਕਰਕੇ ਮੈਂ ਉਸ ਚੌਂਕ ਵੱਲ ਚੱਲ ਪਿਆ ।

ਸੁਨਸਾਨ ਸੜਕ , ਘੁੱਪ ਹਨੇਰਾ , ਪੈਦਲ ਮਾਰਚ , ਚਲ ਸੋ ਚਲ । ਇੱਕ ਦੋ ਆਟੋ ਵਾਲੇ ਰਸਤੇ ਵਿੱਚ ਮਿਲੇ ਵੀ , ਉਹਨਾ ਨੂੰ ਰੋਕ ਕੇ ਪੁੱਛਿਆ , ਪਰ ਉਹ ਹੋਰ ਰਸਤੇ ਮੁੜਨ ਵਾਲੇ ਸਨ ।

ਇੰਨੇ ਨੂੰ ਇੱਕ ਕਾਰ ਮੇਰੇ ਕੋਲ ਆਕੇ ਰੁਕੀ । ਅੰਗ੍ਰੇਜ਼ੀ ਵਿੱਚ ਆਵਾਜ਼ ਆਈ , “ ਲਿਫਟ ਚਾਹੀਦੀ ਹੈ ?”

ਮੈਂ ਵੇਖਿਆ ਕਾਰ ਵਿੱਚ ਦੋ ਮੋਟੇ ਸ਼ੀਸ਼ੇ ਵਾਲੀਆਂ ਐਨਕਾਂ ਵਾਲੇ ਵਿਅਕਤੀ ਸਨ । ਕਾਰ ਚਲਾਉਣ ਵਾਲਾ ਅਧਖੜ ਉਮਰ ਦਾ ਤੇ ਨਾਲ ਵਾਲੀ ਸੀਟ ਤੇ ਇੱਕ ਬਜੁਰਗ ਕਿਸਮ ਦਾ ਆਦਮੀ

ਮੈਂ ਕਿਹਾ ,“ ਲਿਫਟ ਹੀ ਨਹੀਂ ਮੈਂ ਕਿਰਾਇਆ ਖਰਚਣ ਨੂੰ ਵੀ ਤਿਆਰ ਹਾਂ “

“ ਕਿਥੇ ਜਾਣਾ ਹੈ ?“ ਸਵਾਲ ਫਿਰ ਅੰਗ੍ਰੇਜ਼ੀ ਵਿੱਚ ਸੀ

ਮੈਂ ਕਿਹਾ , “ ਲਿੰਗਮਪੱਲੀ ।”

ਕਾਰ ਦੀ ਪਿੱਛਲੀ ਬਾਰੀ ਖੁੱਲੀ ਤੇ ਹੁਕਮ ਹੋਇਆ ,“ ਬੈਠੋ , ਅਸੀਂ ਤੁਹਾਨੂੰ ਰੇਲਵੇ ਫਾਟਕ ਤੇ ਉਤਾਰ ਦੇਵਾਂਗੇ “

ਮੈਂ ਕਾਰ ਚ ਬਹਿ ਗਿਆ ਤੇ ਕਾਰ ਹਨੇਰੀ ਸੜਕ ਤੇ ਚੱਲ ਪਈ ਕਾਰ ਚਲਦਿਆਂ ਹੀ ਡਰਾਇਵਰ ਨੇ ਇੱਕ ਬਟਣ ਦੱਬ ਕੇ ਸਾਰੀਆਂ ਬਾਰੀਆਂ ਦੇ ਤਾਲੇ ਬੰਦ ਕਰ ਦਿੱਤੇ । ਮਨ ਵਿੱਚ ਦਹਿਸ਼ਤ ਸੀ , ਪਰ ਇੰਨੀ ਤਸੱਲੀ ਵੀ ਸੀ

ਕਿ ਮੈਂ ਇਹਨਾਂ ਦੋਹਾਂ ਤੋਂ ਕਮਜ਼ੋਰ ਨਹੀਂ ਰਹਿ ਸਕਦਾ । ਬਜੁਰਗ ਨੇ ਮੈਨੂੰ ਗੱਲਾਂ ਵਿੱਚ ਲਾ ਲਿਆ ਤੇ ਪੁੱਛਣ ਲੱਗ ਪਿਆ ਕਿ ਕਿੱਥੋਂ ਆਏ ਹੋ ? ਮੈਂ ਉਲਟਾ ਉਹਦੇ ਤੇ ਸਵਾਲ ਕੀਤਾ ਕਿ ਉਹ ਕੀ ਕਰਦੇ ਹਨ ?ਉਹਨੇ ਦੱਸਿਆ ਕਿ ਉਹ ਇੱਕ ਕੰਪਨੀ ਵਿੱਚੋਂ ਅਫਸਰ ਰਿਟਾਇਰ ਹੈ । ਪਰ ਹੁਲੀਆ ਵੇਖ ਕੇ ਮੈਨੂੰ ਇਹ ਸਚ ਨਾ ਲੱਗਾ । ਉਹਨੇ ਇਹ ਵੀ ਦੱਸਿਆ ਕਿ ਉਹਦਾ ਲੜਕਾ ਵੀ ਇੱਕ ਕੰਪਨੀ ਵਿੱਚ ਅਫਸਰ ਹੈ ਤੇ ਉਹ ਉਹਨੂੰ ਹੀ ਛੱਡ ਕੇ ਆ ਰਹੇ ਹਨ ।

ਇੰਨੇ ਚਿਰ ਨੂੰ ਰੇਲਵੇ ਫਾਟਕ ਆ ਗਿਆ । ਉੱਥੇ ਕੁਝ ਚਹਿਲ ਪਹਿਲ ਸੀ ਤੇ ਕੁਝ ਆਟੋ ਵੀ ਖੜੇ ਸਨ । ਮੈਂ ਉਹਨਾਂ ਨੂੰ ਕਿਹਾ ਕਿ ਮੈਨੂੰ ਇਥੇ ਉਤਾਰ ਦਿਓ , ਮੈਂ ਆਟੋ ਵਿੱਚ ਬੈਠ ਜਾਵਾਂਗਾ , ਪਰ ਉਹ ਨਾ ਮੰਨੇ ਤੇ ਫਾਟਕ ਪਾਰ ਕਰਕੇ ਕਾਰ ਇੱਕ ਪੁਲ ਦੇ ਨਾਲ ਨਾਲ ਜਾਂਦੇ ਸੁਨਸਾਨ ਰਸਤੇ ਤੇ ਪਾ ਲਈ । ਮਨ ਵਿੱਚ ਫਿਰ ਇੱਕ ਦਹਿਸ਼ਤ ਸੀ । ਸੋਚਿਆ ਅੱਜ ਜ਼ਰੂਰ ਕੋਈ ਕਾਂਡ ਹੋਊ ।

ਥੋੜੀ ਅੱਗੇ ਜਾਕੇ ਉਹਨਾਂ ਕਾਰ ਇੱਕ ਪਾਸੇ ਰੋਕ ਦਿੱਤੀ । ਮੈਂ ਫਟਾਫਟ ਥੱਲੇ ਉੱਤਰਿਆ । ਉਸ ਬਜੁਰਗ ਨੇ ਇੱਕ ਕੋਠੀ ਵੱਲ ਇਸ਼ਾਰਾ ਕਰਕੇ ਕਿਹਾ ,“ ਇਹ ਮੇਰਾ ਘਰ ਹੈ , ਤੁਸੀਂ ਰਾਤ ਇੱਥੇ ਵੀ ਰਹੀ ਸਕਦੇ ਹੋ ।”

ਮੇਰੀ ਤਾਂ ਪਹਿਲਾਂ ਹੀ ਹਵਾ ਸਰਕੀ ਪਈ ਸੀ । ਮੈਂ ਧੰਨਵਾਦ ਸਹਿਤ ਨਾਂਹ ਕਰ ਦਿੱਤੀ । ਉਸ ਬਜੁਰਗ ਨੇ ਕਿਹਾ ਅਗਰ ਉਹ ਮੈਨੂੰ ਫਾਟਕ ਤੇ ਉਤਾਰ ਦਿੰਦੇ ਤਾਂ ਆਟੋ ਵਾਲੇ ਨੇ ਬਹੁਤ ਪੈਸੇ ਲੈਣੇ ਸਨ । ਫਿਰ ਉਹਨੇ ਇੱਕ ਆਟੋ ਵਾਲੇ ਨੂੰ ਆਵਾਜ਼ ਦਿੱਤੀ ਤੇ ਕਿਹਾ ਕਿ ਦਸ ਰੁਪਏ ਲੈ ਤੇ ਇਹਨਾਂ ਨੂੰ ਹਿੰਦੂ ਹੋਟਲ ਛੱਡ ਦੇ । ਹੁਣ ਮੇਰੀ ਜਾਨ ਵਿੱਚ ਜਾਨ ਆਈ ।

ਮੈਂ ਉਸ ਬਜੁਰਗ ਨੂੰ ਕਿਹਾ, “ ਤੁਹਾਡਾ ਨਾਮ ਜਾਣ ਸਕਦਾ ਹਾਂ ?”

ਅੱਗੋ ਜਵਾਬ ਆਇਆ ,“ ਮੇਰਾ ਨਾਂ ਪ੍ਰਮਾਤਮਾ ਹੈ ਤੇ ਤੁਹਾਡਾ ? “

ਮੈਂ ਕਿਹਾ ," ਮੇਰਾ ਨਾਮ ਇੰਦਰਜੀਤ ਕਮਲ ਹੈ , ਪਰ ਮੈ ਨਾਸਤਿਕ ਹਾਂ ।"

ਅੱਗੋਂ ਜਵਾਬ ਆਇਆ ," ਮੈਂ ਵੀ ਨਾਸਤਿਕ ਹਾਂ ,ਪਰ ਘਰਦਿਆਂ ਨੇ ਨਾਮ ਪ੍ਰਮਾਤਮਾ ਰੱਖਿਆ ਹੈ ।"

ਮੈਂ ਉਹਨਾਂ ਦਾ ਧੰਨਵਾਦ ਕਰਕੇ ਆਟੋ ਵਿੱਚ ਬੈਠ ਗਿਆ ।



**ਡਾ ਇੰਦਰਜੀਤ ਕਮਲ**

# ਪਿਤਾ, ਭਰਾ, ਪਤੀ, ਪੁੱਤਰ



**ਪਿਤਾ...**

ਕਿੰਝ ਦੁਰਕਾਰ ਦੇਵਾਂ ਮੈਂ ਉਸਦੀ ਹੋਂਦ ਨੂੰ ,
ਉਸਦੇ ਕਰਕੇ ਹੀ ਤਾਂ ਮੈਂ ਸੁੰਦਰ ਸੰਸਾਰ ਦੇਖਿਆ,
ਬਾਗਾਂ 'ਚ ਉੱਡਦੀਆਂ ਤਿੱਤਲੀਆਂ ਦਾ ਸੰਗ ਮਾਣਿਆ,
ਆਪਣੇ ਮੋਢਿਆਂ ਤੇ ਬਿਠਾ ਆਪਣੇ ਸਿਰ ਤੋਂ ਵੀ ਉੱਚਾ ਰੱਖਿਆ ਉਸਨੇ ਮੈਨੂੰ,ਕਦੇ ਤਪਦੀ ਰੇਤ 'ਚ ਮੇਰਾ ਜੋੜਾ ਬਣ ਕੇ, ਕਦੇ ਮੇਰੇ ਹਾਸਿਆਂ ਲਈ ਘੋੜਾ ਬਣ ਕੇ,
ਫਿਰ ਕਿੰਝ ਦੁਰਕਾਰ ਦੇਵਾਂ ਉਸਦੀ ਹੋਂਦ ਨੂੰ.....

**ਭਰਾ...**

ਕਿੰਝ ਦੁਰਕਾਰ ਦੇਵਾਂ ਮੈਂ ਉਸਦੀ ਹੋਂਦ ਨੂੰ, ਮਾਂ ਦੀ ਗੋਦ ਤੋਂ ਹੀ ਮੇਰਾ ਕਵਚ ਬਣ ਉਹ ਮੇਰੇ ਨਾਲ ਰਿਹਾ, ਮਾਂ ਦੀ ਛਾਤੀ ਦਾ ਨਿੱਘ ਮਾਨਣ ਵੇਲੇ, ਕਦੇ ਮੇਰਾ ਬਸਤਾ ਚੁੱਕਣ ਵੇਲੇ, ਕਦੇ ਖੇਡਣ ਵੇਲੇ ਤੇ ਕਦੇ ਬਾਬਲ ਨਾਲ ਖੇਤਾਂ ਵਿੱਚ ਜਾਣ ਵੇਲੇ , ਕਦੀ ਰੱਖੜੀ,ਕਦੇ ਦੀਵਾਲੀ,ਕਦੇ ਲੋਹੜੀ ਵੇਲੇ, ਤੇ ਮੇਰੇ ਕਫ਼ਨ ਦੀ ਜ਼ਿੰਮੇਵਾਰੀ ਤੱਕ,
ਫਿਰ ਕਿੰਝ ਦੁਰਕਾਰ ਦੇਵਾਂ ਮੈਂ ਉਸਦੀ ਹੋਂਦ ਨੂੰ......

**ਪਤੀ ...**

ਕਿੰਝ ਦੁਰਕਾਰ ਦੇਵਾਂ ਮੈਂ ਉਸਦੀ ਹੋਂਦ ਨੂੰ, ਮੇਰੀ ਮੁਹੱਬਤ ਨੂੰ 'ਮਮਤਾ' ਬਣਨ ਦਾ ਰਾਹ ਵੀ ਤਾਂ ਉਸਨੇ ਹੀ ਦਿਖਾਇਆ ਮਮਤਾ ਵਰਗਾ ਸਵਰਗ ਵੀ ਤਾਂ ਮੇਰੇ ਹਿੱਸੇ ਆਇਆ ਉਸਦੇ ਕਰਕੇ ਹੀ, ਮੇਰਾ ਹੱਥ ਫੜਨ ਬਦਲੇ ਉਸਨੇ ਮੇਰੇ ਆਖਰੀ ਸਾਹ ਤੱਕ ਮੇਰੀ ਜ਼ਿੰਦਗੀ ਨੂੰ ਆਪਣੇ ਚਾਵਾਂ ਨਾਲ ਰਲਗੱਡ ਕਰ ਲਿਆ,
ਫਿਰ ਕਿੰਝ ਦੁਰਕਾਰ ਦੇਵਾਂ ਮੈਂ ਉਸਦੀ ਹੋਂਦ ਨੂੰ.....

**ਪੁੱਤਰ ....**

ਕਿੰਝ ਦੁਰਕਾਰ ਦੇਵਾਂ ਮੈਂ ਉਸਦੀ ਹੋਂਦ ਨੂੰ ਜੋ ਬਚਪਨ ਬਣ ਮੇਰੀ ਗੋਦ ਵਿੱਚ ਖੇਡਿਆ,ਕੋਮਲ ਅੰਗ ਜਿਉਂ ਫ਼ਰਿਸ਼ਤਾ, ਸਾਖਸ਼ਾਤ ਰੱਬ ਬਣ ਮੈਨੂੰ ਰੀਝਾਇਆ ਉਸਨੇ,
ਤੇ ਦੁਨੀਆਂ ਦਾ ਸਭ ਤੋਂ ਮਹਿੰਗਾ ਸ਼ਬਦ 'ਮਾਂ' ਵੀ ਉਸ ਨੇ ਹੀ ਕਿਹਾ ਮੈਨੂੰ, ਜਣੇਪੇ ਦੀਆਂ ਚੰਦ ਕੁ ਪੀੜਾਂ ਬਦਲੇ ਉਮਰ ਭਰ ਪਾਲਣ ਦਾ ਅਹਿਸਾਸ ਉਸਨੇ ਲੈ ਲਿਆ
ਫਿਰ ਕਿੰਝ ਦੁਰਕਾਰ ਦੇਵਾਂ ਮੈਂ ਉਸਦੀ ਹੋਂਦ ਨੂੰ......



**ਬੇਅੰਤ ਕੌਰ ਮੋਗਾ**

## .ਗੁਰਬਤ ਦੇ ਓਹਲੇ* ( ਮਿੰਨੀ ਕਹਾਣੀ )

ਹਰਬੰਸ ਕੌਰ ਆਪਣੀ ਗੁਆਂਢਣ ਸਿੰਦਰ ਨੂੰ ਨਾਲ ਲੈ ਕੇ ਆਪਣੇ ਪੁੱਤਰ ਨੂੰ ਦਵਾਈ ਦਵਾਉਣ ਲਈ ਸ਼ਹਿਰ ਲੈ ਗਈ ਕਿਉਂ ਜੋ ਉਸ ਨੂੰ ਠੰਢ ਲੱਗਣ ਕਰਕੇ ਕਈ ਦਿਨਾਂ ਤੋਂ ਲਗਾਤਾਰ ਤੇਜ਼ ਬੁਖਾਰ ਚੜ੍ਹ ਰਿਹਾ ਸੀ । ਜਦੋਂ ਓਹ ਮੰਡੀ ਦੇ ਕੋਲ ਦੀ ਹਸਪਤਾਲ ਵੱਲ ਜਾ ਰਹੀਆਂ ਸੀ ਤਾਂ ਮੰਡੀ ਦੇ ਦੋਵੇਂ ਪਾਸੇ ਕੂੜੇ ਦੇ ਵੱਡੇ -ਵੱਡੇ ਢੇਰ ਅਤੇ ਝੁੱਗੀਆਂ -ਝੌਂਪੜੀਆਂ ਦੇਖ ਉਸ ਦੀ ਨਜ਼ਰ ਕੁਝ ਖੇਡ ਰਹੇ ਬੱਚਿਆਂ 'ਤੇ ਪਈ। ਓਹ ਨੰਗੇ ਪੈਰੀਂ ਅਤੇ ਪਾਟੇ-ਪੁਰਾਣੇ ਕੱਪੜੇ ਪਾਈ ਆਪਣੀ ਮਸਤੀ 'ਚ ਮਗਨ ਸਨ । ਦੂਜੇ ਪਾਸੇ ਕੁਝ ਔਰਤਾਂ ਕਮੇਟੀ ਦੀਆਂ ਟੂਟੀਆਂ ਹੇਠਾਂ ਕੱਪੜੇ ਧੋ ਰਹੀਆਂ ਸਨ ਅਤੇ ਕੁਝ ਕੱਪੜਿਆਂ ਸਮੇਤ ਨ੍ਹਾ ਵੀ ਰਹੀਆਂ ਸਨ । ਇਹ ਸਭ ਦੇਖ ਹਰਬੰਸ ਕੌਰ ਰੁਕ ਗਈ ਅਤੇ ਸਿੰਦਰ ਨੂੰ ਕਹਿਣ ਲੱਗੀ , " ਆਹ ਦੇਖ ਲੈ ਭੈਣੇ !! ਐਨੀ ਠੰਢ 'ਚ ਇੰਨ੍ਹਾਂ ਦੇ ਜਵਾਕ ਕਿਵੇਂ ਸਿਰ - ਪੈਰੋਂ ਨੰਗੇ-ਧੜ੍ਹੰਗੇ ਭੱਜੇ ਫਿਰਦੇ ਨੇ , ਮਜ਼ਾਲ ਐ ਕੋਈ ਬ੍ਰਮਾਰ ਹੋ ਜੇ , ਇਧਰ ਆਪਣੇ ਆ.ਲੇ ਮਾੜ੍ਹੀ ਜੀ ਗਰਮੀ -ਸਰਦੀ ਨੀ ਝੱਲਦੇ " " ਹਾਂ ਭੈਣੇ ਹਰਬੰਸ, ਇਹ ਤਾਂ ਪਤਾ ਨਹੀਂ ਜੈਅਵੱਢੇ ਕਿਹੜੀ ਮਿੱਟੀ ਦੇ ਬਣੇ ਨੇ , ਨਾ.ਲੇ ਕਦੇ ਕੋਈ ਇਨ੍ਹਾਂ ਦਾ ਬ੍ਰਮਾਰ ਹੁੰਦਾ ਨੀ ਵੇਖਿਆ , ਪਏ ਵੀ ਬੱਟਿਆਂ ਵਰਗੇ ਨੇ " ਸਿੰਦਰ ਨੇ ਹਾਂ 'ਚ ਹਾਂ ਮਿਲਾਈ। ਇਹ ਸਭ ਸੁਣ ਕੇ ਪਿੱਛੇ ਹੀ ਕੱਪੜੇ ਧੋ ਰਹੀ ਇੱਕ ਔਰਤ ਓਹਨਾਂ ਦੇ ਕੋਲ ਆ ਕੇ ਕਹਿਣ ਲੱਗੀ , " ਬੀਬੀ ਜੀ ! ਸਾਰੇ ਆਪ ਜੈਸੇ ਹੀ ਗੱਲਾਂ ਕਰਦੇ ਨੇ , ਪਰ ਸਾਡੇ ਦੁੱਖ-ਦਰਦ ਕੋਈ ਵੀ ਨਾ ਸਮਝੇ ! ਬ੍ਰਮਾਰ ਅਸੀਂ ਵੀ ਹੁੰਨੇ ਆਂ , ਬੀਮਾਰੀ ਸਾਨੂੰ ਵੀ ਲੱਗੇ , ਮਰਤੇਂ ਸਾਡੇ ਵੀ ਐ , " ਇਹ ਕਹਿ ਕੇ ਉਸ ਔਰਤ ਨੇ ਅੱਖਾਂ ਭਰ ਲਈਆਂ। ਹਰਬੰਸ ਤੇ ਸਿੰਦਰ ਇਕੱਠੀਆਂ ਬੋਲੀਆਂ , " ਭੈਣੇ! ਅਸੀਂ ਤਾਂ ਸੋਵਤੀ ਗੱਲਾਂ ਕਰਦੀਆਂ ਸੀ , ਜਿਵੇਂ ਲੋਕ ਆਖ ਦਿੰਦੇ ਆ "

" ਹਾਂ ਬੀਬੀ ਜੀ !! ਪਰ ਓਹ ਸਾਨੂੰ ਸਮਝੇ ਕਹਾਂ , ਆਹ ਝੋਪੜੀ ਆਲ਼ਿਆਂ ਦਾ ਬੱਚਾ ਅਜੇ ਕੱਲ੍ਹ ਹੀ ਪੂਰਾ ਹੋਇਆ ! ਔਹ ਕੂੜੇ ਦੇ ਢੇਰ ਕੋਲ ਕਬਰ ਆ ਓਹਦੀ !! "

ਇਹ ਆਖ ਕੇ ਓਹ ਤ੍ਰਿਪ - ਤ੍ਰਿਪ ਰੋ ਪਈ ਅਤੇ ਸਿੰਦਰ ਤੇ ਹਰਬੰਸ ਪੱਥਰ ਹੋ ਗਈਆਂ ।



**ਸੁਖਵਿੰਦਰ ਸਿੰਘ**

# ਸਾਹਿਤ ਸਮਾਜ

13/01/2025

## ਮੇਰਾ ਘੁਮਿਆਰਾ (ਭਾਗ 8)



ਭਾਵੇਂ ਪਿੰਡ ਵਿੱਚ ਚੰਗੀਆਂ ਜ਼ਮੀਨਾਂ ਵਾਲੇ ਬਹੁਤ ਘਰ ਸਨ ਅਤੇ ਛੋਟੇ ਕਿਸਾਨ ਵੀ ਸਨ ਜੋ ਖੇਤੀ ਦੇ ਨਾਲ ਦਿਹਾੜੀ ਤੋਂ ਲੈਕੇ ਹੋਰ ਕੰਮ ਕਰਨ ਤੋਂ ਗੁਰੇਜ਼ ਨਹੀਂ ਸੀ ਕਰਦੇ।

ਤਿਉਹਾਰਾਂ ਨੂੰ ਯਾਦ ਕਰਦੇ ਹੋਏ ਮੇਰੇ ਜ਼ਹਿਨ ਵਿੱਚ ਆਉਂਦਾ ਹੈ ਕਿ ਲੋਕ ਬਹੁਤ ਘੱਟ ਪਟਾਕੇ ਚਲਾਉਂਦੇ। ਆਤਿਸ਼ਬਾਜੀ ਤਾਂ ਮੇਰੇ ਯਾਦ ਨਹੀਂ ਆਉਂਦੀ। ਬੱਸ ਲੋਕ ਲਾਲ ਪਟਾਕੇ ਅਨਾਰ ਤੇ ਫੁਲਝੜੀਆਂ ਤੱਕ ਹੀ ਸੀਮਤ ਸਨ। ਪ੍ਰੰਤੂ ਲੋਕ ਦੀਵੇ ਪੂਰੀ ਸ਼ਰਧਾ ਨਾਲ ਜਗਾਉਂਦੇ। ਫਿਰ ਉਹ ਕੁਝ ਦੀਵੇ ਗੁਰੂਘਰ, ਸਕੂਲ, ਬਾਬੇ ਬਿਸ਼ਨ ਦਾਸ ਦੇ ਡੇਰੇ ਅਤੇ ਖੂਹ ਤੇ ਰੱਖਕੇ ਆਉਂਦੇ। ਕੁਝ ਲੋਕ ਆਪਣੇ ਬਜ਼ੁਰਗਾਂ ਦੀਆਂ ਮੜ੍ਹੀਆਂ ਤੇ ਵੀ ਦੀਵੇ ਰੱਖਦੇ। ਦੀਵਾਲੀ ਤੋਂ ਪਹਿਲਾਂ ਘਰਾਂ ਨੂੰ ਕਲੀ ਕੀਤੀ ਜਾਂਦੀ ਤੇ ਲੋਕ ਖੇਤ ਖਲਿਆਣ ਵਿਚਲੀਆਂ ਮੜ੍ਹੀਆਂ ਨੂੰ ਵੀ ਕਲੀ ਕਰਦੇ। ਉਸ ਦਿਨ ਲੋਕ ਆਟੇ ਦੀਆਂ ਮੱਠੀਆਂ ਤੇ ਪਕੌੜੇ ਵੀ ਬਣਾਉਂਦੇ। ਕੁਝ ਲੋਕ ਪਿੰਡ ਵਿਚਲੇ ਇੱਕੋ ਇੱਕ ਬੈਜ ਨਾਥ ਵਾਲੇ ਠੇਕੇ ਤੇ ਵੀ ਗੇੜੀ ਮਾਰਦੇ। ਪਿੰਡ ਰੂੜੀ ਮਾਰਕਾ ਦਾ ਬਹੁਤਾ ਚਲਣ ਨਹੀਂ ਸੀ। ਲੋਕ ਪੁਲਸ ਤੋਂ ਡਰਦੇ ਸਨ। ਮੈਂ ਕਦੇ ਨਹੀਂ ਸੀ ਸੁਣਿਆ ਕਿ ਘਰੇ ਗੁੜ ਤੋਂ ਵੀ ਪੰਜ ਰਤਨੀ ਬਣ ਜਾਂਦੀ ਹੈ।

ਇਸੇ ਤਰ੍ਹਾਂ ਹੋਲੀ ਨੂੰ ਵੀ ਕੋਈਂ ਬਾਹਲਾ ਖਰਚ ਨਹੀਂ ਸੀ ਕਰਦੇ। ਛੋਟੇ ਜੁਆਕ ਹੀ ਹੋਲੀ ਖੇਡਦੇ। ਉਸ ਦਿਨ ਕੋਈਂ ਵਿਸ਼ੇਸ਼ ਖਾਣ ਪੀਣ ਨਹੀਂ ਸੀ ਹੁੰਦਾ।

ਲੋਹੜੀ ਨੂੰ ਪਿੰਡ ਵਾਲੇ ਵਧੀਆ ਤਰੀਕੇ ਨਾਲ ਮਨਾਉਂਦੇ। ਵੱਡੇ ਗੁਹਾਰੇ ਜਿੱਡੀ ਲੋਹੜੀ ਪਾਉਂਦੇ। ਸਾਡੇ ਦਰਵਾਜ਼ੇ ਮੂਹਰੇ ਤਿੰਨ ਗਲੀਆਂ ਦੀ ਸਾਂਝੀ ਲੋਹੜੀ ਹੁੰਦੀ ਸੀ। ਹਰ ਘਰ ਟੋਕਰੇ ਭਰ ਭਰ ਕੇ ਪਾਥੀਆਂ ਦਿੰਦਾ। ਅਸੀਂ ਬਾਰਾਂ ਇੱਕ ਵਜੇ ਤੱਕ ਲੋਹੜੀ ਤੇ ਬੈਠੇ ਮੂੰਗਫਲੀ ਰੇਵੜੀਆਂ ਤੇ ਮਰੂੰਡੇ ਖਾਂਦੇ। ਬਾਜਰੀ, ਜਵਾਰ, ਕਣਕ, ਛੋਲੇ, ਮੱਕੀ, ਭੱਠੀ ਤੋਂ ਭੁਣਾਕੇ ਘਰੇ ਹੀ ਗੁੜ ਪਾਕੇ ਮਰੂੰਡੇ ਬਣਾਉਂਦੇ। ਲੋਹੜੀ ਤੋਂ ਵਾਰ ਕੇ ਮੂਲੀ ਖਾਂਦੇ ਅਤੇ 'ਈਸ਼ਰ ਆ ਦਲਿੱਦਰ ਜਾ, ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ' ਕਹਿਕੇ ਲੋਹੜੀ ਚ ਤਿਲ ਸੁੱਟਦੇ। ਉਸੇ ਦਿਨ ਪੋਹ ਰਿੱਧੀ ਤੇ ਮਾਘ ਖਾਧੀ ਲਈ ਖਿਚੜੀ ਰਿੰਨ੍ਹਦੇ।

ਕੁਝ ਦਿਨਾਂ ਬਾਅਦ ਵਾਸ਼ੜੀਆਂ ਮਨਾਉਂਦੇ। ਰਾਤ ਨੂੰ ਮਿੱਠੀਆਂ ਰੋਟੀਆਂ ਪਕਾਕੇ ਅਗਲੇ ਦਿਨ ਮੱਖਣ ਜਾਂ ਛੋਲੂਏ ਦੀ ਚੱਟਣੀ ਨਾਲ ਖਾਂਦੇ। ਇਹ ਮਿੱਠੀਆਂ ਰੋਟੀਆਂ ਇੱਕ ਦੂਜੇ ਘਰੇ ਵੀ ਵੰਡੀਆਂ ਜਾਂਦੀਆਂ।

ਦੇਸੀ ਮਹੀਨੇ ਦੇ ਇੱਕ ਵਿਸ਼ੇਸ਼ ਦਿਨ ਥਿਆਈ ਰੱਖੀ ਜਾਂਦੀ। ਉਸ ਦਿਨ ਨਾ ਦੁੱਧ ਵੇਚਣਾ ਹੁੰਦਾ ਸੀ ਨਾ ਜਮਾਉਣਾ ਹੁੰਦਾ ਸੀ। ਦੁੱਧ ਨੂੰ ਘਰੇ ਉਂਜ ਹੀ ਵਰਤਿਆ ਜਾਂਦਾ ਸੀ ਜਿਵੇਂ ਖੀਰ ਸੇਵੀਆਂ ਬਣਾਕੇ ਜਾਂ ਵੰਡਕੇ। ਮੇਰੀ ਮਾਂ ਥਿਆਈ ਵਾਲੇ ਦਿਨ ਮਧਾਣੀ, ਨੇਹੀ, ਕੁੜ ਅਤੇ ਨੇਤਰੇ ਕੋਲ੍ਹ ਥੋੜਾ ਜਿਹਾ ਮੱਝ ਦਾ ਗੋਹਾ ਰੱਖਕੇ ਮੱਥਾ ਟੇਕਦੀ। ਕਈ ਵਾਰੀ ਦੁੱਧ ਗੁਰੂਘਰ ਭੇਜਿਆ ਜਾਂਦਾ। ਪਤਾ ਨਹੀਂ ਕਿਉਂ ਉਸ ਦਿਨ ਮੇਰੀ ਮਾਂ ਸਾਡੇ ਗੋਹਾ ਕੂੜਾ ਕਰਨ ਵਾਲੀ ਤਾਈ ਮਾਦਾ ਨੂੰ ਵੀ ਦੁੱਧ ਲੱਸੀ ਨਾ ਦਿੰਦੀ।

ਘੁਮਿਆਰੇ ਹਰ ਸਾਲ ਚੌਲਾਂ ਦਾ ਜੱਗ ਕੀਤਾ ਜਾਂਦਾ ਸੀ। ਉਸ ਦਿਨ ਕਈ ਵੱਡੇ ਕੜਾਹੇ ਭਰਕੇ ਮਿੱਠੇ ਚੌਲ ਬਣਾਏ ਜਾਂਦੇ। ਫਿਰ ਪੂਜਾ ਅਤੇ ਹਵਨ ਤੋਂ ਬਾਅਦ ਇੱਕ ਘੜਵੰਜੀ ਤੇ ਪਾਣੀ ਦਾ ਘੜਾ ਰੱਖਕੇ ਸਾਰੇ ਪਿੰਡ ਦੁਆਲੇ ਜਲ ਦਾ ਛਿੱਟਾ ਦਿੱਤਾ ਜਾਂਦਾ ਤੇ ਫਿਰ ਚੌਲ ਵੰਡੇ ਜਾਂਦੇ। ਅਮੀਰ ਗਰੀਬ ਸਭ ਚਾਅ ਨਾਲ ਚੌਲ ਖਾਂਦੇ। ਇਹ ਸਭ ਮੀਂਹ ਪਵਾਉਣ ਲਈ ਕੀਤਾ ਜਾਂਦਾ ਸੀ।

ਫਿਰ ਜਲਦੀ ਹੀ ਰੱਬ ਸੁਣ ਲੈਂਦਾ ਤੇ ਮੀਂਹ ਪੈ ਜਾਂਦਾ। ਕਈ ਵਾਰੀ ਤਾਂ ਇੰਨਾ ਮੀਂਹ ਪੈਂਦਾ ਕਿ ਸਾਰੇ ਖੂਹ ਟੋਬੇ ਭਰ ਜਾਂਦੇ। ਇਹ ਟੋਬੇ ਸਮੁੰਦਰ ਦਾ ਰੂਪ ਲ਼ੈ ਲੈਂਦੇ। ਅਮੂਮਨ ਕਈ ਕਈ ਦਿਨ ਝੜੀ ਲੱਗੀ ਰਹਿੰਦੀ। ਛੱਤਾਂ ਚੋਣ ਲੱਗ ਪੈਂਦੀਆਂ ਤੇ ਤੇਜ਼ ਝਖੇੜੇ ਨਾਲ ਵੱਡੇ ਵੱਡੇ ਦਰਖਤ ਉਖੜ ਜਾਂਦੇ ਕੋਠੇ ਡਿੱਗ ਪੈਂਦੇ। ਕੇਰਾਂ ਸਾਡੇ ਪੁਰਾਣੇ ਘਰ ਦੇ ਨੇੜੇ ਸੱਥ ਕੋਲ੍ਹ ਇੱਕ ਕੋਠਾ ਡਿੱਗ ਪਿਆ ਸੀ। ਉਹ ਸਾਰਾ ਟੱਬਰ ਹੀ ਥੱਲ੍ਹੇ ਆ ਗਿਆ। ਪਿੰਡ ਵਾਲਿਆਂ ਨੇ ਮਿਲਕੇ ਬਾਹਰ ਕੱਢਿਆ।



**ਰਮੇਸ ਸੇਠੀ ਬਾਦਲ**
ਮੋ 98 766 27 233

# ਸਰਬੰਸਦਾਨੀ ਅੰਮ੍ਰਿਤ ਦੇ ਦਾਤੇ ਕਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦੀ ਖੁਸ਼ੀ ਸਮੇਂ ਲੈਸਟਰ ਵਿਖੇ ਕਵੀ ਸਮੇਲਨ








**ਸਮਾਜ ਵੀਕਲੀ ਯੂ ਕੇ–**
ਵਾਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 358ਵੇਂ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਪੰਜਾਬੀ ਲਿਸਨਰਜ ਕਲੱਬ ਦੇ ਸਿਹਯੋਗ ਨਾਲ ਗੁਰਦਵਾਰਾ ਸ੍ਰੀ ਗੁਰੂ ਤੇਗ ਬਹਾਦਰ ਲੈਸਟਰ ਵਿਖੇ 5 ਜਨਵਰੀ 2025 ਨੂੰ 1.30–3.30 ਦੁਪਿਹਰ ਬਾਅਦ ਕਵੀ ਸਮੇਲਨ ਕਰਵਾਇਆ ਗਿਆ ਜੋ ਗੁਰੂ ਜੀ ਦੀਆਂ ਪਿਆਰੀਆਂ ਸੰਗਤਾਂ ਨੇ ਬੜੀ ਹੀ ਸ਼ਰਧਾ ਭਾਵਨਾ ਨਾਲ ਸਰਵਣ ਕੀਤਾ।

ਕਵੀ ਦਰਬਾਰ ਵਿੱਚ ਤਰਲੋਚਨ ਸਿੰਘ ਚੰਨ ਜੰਡਿਆਲਵੀ, ਦਰਸ਼ਣ ਸਿੰਘ ਕੰਗ, ਗਿਆਨੀ ਮਲੂਕ ਸਿੰਘ ਦੋਸ਼ੀ, ਰਾਮ ਸਿੰਘ ਫਰਵਾਲਾ, ਕੇਹਰ ਸਿੰਘ ਲਾਇਬਰੇਰੀਨ ,ਬਲਵੰਤ ਸਿੰਘ ਲਿਤਰਾਂ, ਪਾਲ ਸਿੰਘ, ਬੀਬੀ ਕੁਲਵਿੰਦਰ ਕੌਰ ਆਦਿ ਕਵੀ ਸਾਹਿਬਾਨਾ ਵਲੋਂ ਆਪਣੀਆ ਕਵਿਤਾਵਾਂ ਰਾਹੀਂ ਸਤਿਗੁਰਾਂ ਦੇ ਜੀਵਨ ਅਤੇ ਮਨੁੱਖਤਾ ਦੀ ਭਲਾਈ ਲਈ ਕੀਤੇ ਮਹਾਨ ਕਾਰਜਾਂ ਬਾਰੇ ਸੰਗਤਾਂ ਨੂੰ ਜਾਣਕਾਰੀ ਸਾਝੀਂ ਕਰਵਾਈ ਗਈ।

ਪਤਵੰਤੇ ਸੱਜਣਾ ਵਿੱਚ ਲੈਸਟਰ ਦੀਆਂ ਜਾਣੀਆਂ ਪਹਿਚਾਣੀਆਂ ਸਖਸ਼ੀਅਤਾਂ ਗੁਰਨਾਮ ਸਿੰਘ ਰੁਪੋਵਾਲ, ਅੰਮ੍ਰਿਤਪਾਲ ਸਿੰਘ, ਚਮਕੌਰ ਸਿੰਘ, ਜਸਪਾਲ ਸਿੰਘ ਕੰਗ, ਭਾਈ ਕੁਲਜੀਤ ਸਿੰਘ ਜੀ ਆਦਿ ਵਲੋਂ ਸਰੋਤਿਆਂ ਵਲੋਂ ਆਪਣੀਆ ਹਾਜਰੀਆਂ ਗੁਰੂ ਚਰਨਾਂ ਵਿੱਚ ਲਗਵਾਈਆਂ। ਗੁਰੂ ਦਰਬਾਰ ਸੰਗਤਾਂ ਨਾਲ ਭਰਿਆ ਹੋਇਆ ਇਸ ਗੱਲ ਦੀ ਗਵਾਹੀ ਭਰ ਰਿਹਾ ਸੀ ਪਈ ਸੰਗਤਾਂ ਗੁਰੂ ਸਾਹਿਬਾਨਾ ਵਲੋਂ ਵਰੋਸਾਏ ਕਵੀ ਸਾਹਿਬਾਨ ਨੂੰ ਕਿੰਨੀ ਸ਼ਰਧਾ ਭਾਵਨਾ ਨਾਲ ਸਰਵਣ ਕਰਦੇ ਹਨ।

ਪ੍ਰਸਿੱਧ ਕਵੀ ਤਰਲੋਚਨ ਸਿੰਘ ਚੰਨ ਜੰਢਿਆਲਵੀ ਜੋ ਟੀ ਵੀ ਰੇਡੀਓ ਤੇ ਹੋ ਰਹੇ ਕਵੀ ਸਮੇਲਨ ਵਿੱਚ ਭਾਗ ਲੈਂਦੇ ਰਹਿੰਦੇ ਹਨ ਅਤੇ ਜਿਨ੍ਹਾ ਨੇ ਪਿਛਲੇ ਮਹੀਨੇ ਆਪਣੀ 20ਵੀਂ ਕਿਤਾਬ ਮਾਂ–ਬੋਲੀ ਪੰਜਾਬੀ ਦੀ ਝੋਲੀ ਪਾਈ ਹੈ, ਉਨ੍ਹੀ ਆਪਣੇ ਸਰਨਾਮੀ ਦੇ ਉਦਮ ਸਦਕਾ ਦੀ ਸਿਫਤ ਕੀਤੀ ਅਤੇ ਕਵੀ ਦਰਬਾਰ ਵਿੱਚ ਅਵਸਰ ਦਵਾਉਣ ਦਾ ਧੰਨਵਾਦ ਕੀਤਾ। ਚੰਨ ਜੀ ਨੇ "ਉਹ ਮੇਰਾ ਮਰਦ ਅਗੰਮੜ ਗੁਰੂ ਮੇਰਾ ਮੁਰਦਾ ਕੌਮ ਨੂੰ ਜੀਣਾ ਸਿਖਾ ਗਿਆ ਜੋ" ਅਤੇ " ਤੂੰ ਕਲਗੀਧਰ ਦਾ ਸੂਰਾ ਏਂ ਗੱਲ ਸੂਰਮਿਆ ਜਹ੍ਹੀ ਕਰਿਆ ਕਰ" ਕਵਿਤਾਵਾਂ ਪੇਸ਼ ਕੀਤੀਆਂ।

ਢਾਡੀ ਰਾਮ ਸਿੰਘ ਫਰਵਾਲਾ ਜੀ ਨੇ "ਪਟਨੇ ਵਿੱਚ ਅਵਤਾਰ ਧਾਰਿਆ" ਗੀਤ ਪੇਸ਼ ਕੀਤਾ ਜੋ ਉਨ੍ਹਾ ਦੇ ਅਜੀਜ ਦੋਸਤ ਸਰਦਾਰ ਗੁਰਪ੍ਰੀਤ ਸਿੰਘ ਹੁੰਦਲ ਜੀ ਨੇ ਫੇਸਬੁਕ

ਅਤੇ ਯੂ ਟਿਊਬ ਤੇ ਰਿਕਾਰਡ ਕਰਕੇ ਪਾਇਆ ਹੋਇਆ ਹੈ ਅਤੇ ਦੱਸਿਆ ਕਿ ਇਸ ਤਰਾਂ ਦੇ ਕਵੀ ਸਮੇਲਨ ਹਰ ਇੱਕ ਗੁਰਦਵਾਰਾ ਸਾਹਿਬ ਵਿਖੇ ਹੋਣੇ ਚਾਹੀਦੇ ਹਨ। ਮਾਂ–ਬੋਲੀ ਪੰਜਾਬੀ ਦੀ ਸੇਵਾ ਵਿਰਲਿਆ ਦੇ ਕਰਮਾਂ ਵਿੱਚ ਹੀ ਹੁੰਦੀ ਹੈ।

ਗੁਰਦਵਾਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮੁੱਖ ਗ੍ਰੰਥੀ








ਗਿਆਨੀ ਮਲੂਕ ਸਿੰਘ ਜੀ ਦੋਸ਼ੀ ਨੇ "ਸਮੇ" ਤੇ "ਕੌੜੇ ਸੱਚ" ਕਵਿਤਾਵਾਂ ਪੇਸ਼ ਕੀਤੀਆ। ਕੌੜੇ ਸੱਚ ਦੀਆਂ ਕੁੱਝ ਸਤਰਾਂ ਇਹ ਸਨ…..''ਜੋ ਕਰਿਆ ਕਰਨਾ ਆ ਜਾਵੇ, ਫਿਰ ਲੋੜ੍ਹ ਨਹੀਂ ਦੁਹਰਾਵਨ ਦੀ । ਜੇ ਗੁਰੂ 'ਤੇ ਸ਼ਰਧਾ ਆ ਜਾਵੇ, ਫਿਰ ਲੋੜ ਨਹੀਂ ਕਿਤੇ ਜਾਵਨ ਦੀ। ਅਸੀਂ ਦੋਸ਼ ਕਿਸੇ ਨੂੰ ਕੀ ਦੇਣੈ, ਜਦ ਆਪ ਰਾਹੋਂ ਖੁਞੇ ਆਂ। ਪਾਇਆ ਸੀ ਸਾਨੂੰ ਪਲੰਘਾ 'ਤੇ, ਅਸੀਂ ਫੇਰ ਭੁਞੇ ਦੇ ਹੋਏ ਹਾਂ"। ਗਿਆਨੀ ਜੀ ਨੇ ਕਿਹਾ ਕਿ ਸਮੇ ਦੀ ਲੋੜ ਹੈ ਕਿ ਕਵੀ ਦਰਬਾਰ ਜਿਆਦਾ ਅਤੇ ਸਾਰੇ ਹੀ ਗੁਰਦਵਾਰਾ ਸਾਹਿਬ ਵਿੱਚ ਕਰਵਾਉਣੇ ਚਾਹੀਦੇ ਹਨ ਅਤੇ ਉਨ੍ਹੀ ਸਟੇਜ ਦੀ ਸੇਵਾ ਬਾਖੂਬੀ ਨਿਭਾਈ।

ਆਖੀਰ ਵਿੱਚ ਸ: ਦਰਸ਼ਣ ਸਿੰਘ ਕੰਗ ਵਲੋਂ ਰਚਿੱਤ ਕਾਵਿ ਸੰਗ੍ਰਿਹ "ਸਿੱਖੀ ਦਾ ਮਹਲ" ਲੋਕ ਅਰਪਨ ਕੀਤੀ ਗਈ ਅਤੇ ਗੁਰਦਵਾਰਾ ਪ੍ਰਬੰਧਕਾਂ ਵਲੋਂ ਸਮੂਹ ਕਵੀਆਂ ਨੂੰ ਸਨਮਾਨਿੱਤ ਕੀਤਾ ਗਿਆ। ਇਸ ਕਵੀ ਸਮੇਲਨ ਦੀ ਪੀਟੀਸੀ ਨਿਊਜ ਨੇ ਰੀਕਾਰਡਿੰਗ ਕਰਕੇ 6 ਜਨਵਰੀ ਨੂੰ ਟੈਲੀਕਾਸਟ ਕੀਤੀ।

# ਅਮਰੀਕਾ ਵਿੱਚ ਬੀਮਾ ਕੰਪਨੀਆਂ ਦਾ ਅਨੈਤਿਕ ਵਰਤਾਰਾ

**ਸਮਾਜ ਵੀਕਲੀ ਯੂ ਕੇ–**

ਪਿਛਲੇ ਕੁਝ ਸਾਲਾਂ ਵਿੱਚ, ਅਮਰੀਕਾ ਦੇ ਦੱਖਣੀ ਕੈਲੀਫੋਰਨੀਆ ਨੇ ਵਧੀਆਂ ਹੋਈਆਂ ਅੱਗਾਂ ਦੇ ਕਾਰਨ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕੀਤਾ ਹੈ, ਖ਼ਾਸ ਤੌਰ ’ਤੇ ਲਾਸ ਏਂਜਲਸ ਖੇਤਰ ਵਿੱਚ। ਇਨ੍ਹਾਂ ਕੁਦਰਤੀ ਆਫ਼ਤਾਂ ਦੇ ਵਾਧੇ ਨਾਲ ਬਹੁਤ ਸਾਰੇ ਨਾਗਰਿਕਾਂ ਨੂੰ ਜਿਸ ਅਣਕਹੇ ਨਤੀਜੇ ਦਾ ਸਾਹਮਣਾ ਕਰਨਾ ਪਿਆ ਹੈ: ਉਹ ਹੈ ਉਹਨਾਂ ਦੇ ਘਰਾਂ ਦੀਆਂ ਬੀਮਾ ਪਾਲਿਸੀਆਂ ਦੀ ਰੱਦਗੀ(ਕੈਂਸਲੇਸ਼ਨ)।ਬੀਮਾ ਕੰਪਨੀਆਂ ਨੇ,ਜੋ ਆਰਥਿਕ ਜੋਖਮ ਨੂੰ ਮੈਨੇਜ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ, ਉੱਚ-ਜੋਖਮ ਵਾਲੇ ਖੇਤਰਾਂ ਲਈ ਕਵਰੇਜ ਘਟਾਉਣ ਦਾ ਫੈਸਲਾ ਲਿਆ ਹੈ, ਜਿਸ ਕਾਰਨ ਬਹੁਤ ਸਾਰੇ ਘਰਾਂ ਦੇ ਮਾਲਕ ਆਰਥਿਕ ਅਸਮਾਨਤਾ ਦਾ ਸਾਹਮਣਾ ਕਰ ਰਹੇ ਹਨ। ਇਹ ਲੇਖ ਇਹ ਸਮਝਾਉਂਦਾ ਹੈ ਕਿ ਇਨ੍ਹਾਂ ਪਾਲਿਸੀਆਂ ਨੂੰ ਰੱਦ ਕਰਨ ਦੇ ਕਾਰਣ ਕੀ ਹਨ, ਇਸ ਦੇ ਰਿਹਾਇਸ਼ੀਆਂ ਲਈ ਕੀ ਅਸਰ ਹਨ, ਅਤੇ ਇਸ ਵਧਦੇ ਸੰਕਟ ਨੂੰ ਹੱਲ ਕਰਨ ਲਈ ਸੰਭਾਵੀ ਉਪਾਅ ਕੀ ਹੋ ਸਕਦੇ ਹਨ। ਜਲਵਾਯੂ ਚੇਤਾਵਨੀ, ਸ਼ਹਿਰੀ ਵਿਸਥਾਰ ਅਤੇ ਜੰਗਲਾਂ ਦੇ ਮਾੜੇ ਪ੍ਰਬੰਧਨ ਦੇ ਕਾਰਨ ਕੈਲੀਫੋਰਨੀਆ ਵਿੱਚ ਅੱਗਾਂ ਦੀ ਗਿਣਤੀ ਅਤੇ ਤੀਬਰਤਾ ਵਿੱਚ ਵਾਧਾ ਹੋਇਆ ਹੈ। ਵਧਦੇ ਗਲੋਬਲ ਤਾਪਮਾਨ ਨੇ ਸੁੱਕੇ ਸਮਿਆਂ ਨੂੰ ਲੰਮਾ ਕੀਤਾ ਹੈ, ਸੁੱਕੇ ਪੌਦਿਆਂ ਅਤੇ ਘਾਸ ਫੂਸ ਦੀ ਗਿਣਤੀ ਵਧਾ ਦਿੱਤੀ ਹੈ, ਜਿਸਨੇ ਗਰਮੀ ਦੀਆਂ ਲਹਿਰਾਂ ਨੂੰ ਵਧਾ ਦਿੱਤਾ ਹੈ। ਇਸ ਵਰਤਾਰੇ ਨੇ ਵਿਸ਼ਾਲ ਇਲਾਕੇ ਵਿੱਚ ਹੋਰ ਜ਼ਿਆਦਾ ਅਤੇ ਲੰਬੇ ਸਮੇਂ ਤੱਕ ਚਲਣ ਵਾਲੀਆਂ ਅੱਗਾਂ ਲਈ ਕਾਰਣ ਪੈਦਾ ਕੀਤੇ ਹਨ ਅਤੇ ਨਿਵਾਸੀਆਂ ਲਈ ਬੇਹੱਦ ਖ਼ਤਰਨਾਕ ਹਾਲਾਤ ਪੈਦਾ ਕੀਤੇ ਹਨ। ਇਹੀ ਵਰਤਾਰਾ ਪੱਛਮੀ ਕਨੇਡਾ ਵਿੱਚਲੇ ਜੰਗਲਾਂ ਵਿੱਚ ਵੀ ਲਗਭਗ ਹਰ ਸਾਲ ਵਾਪਰਦਾ ਹੈ। ਜੰਗਲੀ ਅੱਗਾਂ ਨਾਲ ਨਿਪਟਣਾ ਕੋਈ ਬੱਚਿਆਂ ਦੀ ਖੇਡ ਨਹੀਂ ਹੁੰਦੀ। ਸੜਕੀ ਆਵਾਜਾਈ ਹੁੰਦੀ ਨਹੀਂ ਅਤੇ ਹੈਲੀਕਾਪਟਰ ਰਾਹੀਂ ਪਾਣੀ ਅਤੇ ਹੋਰ ਘੋਲਾਂ ਦਾ ਛਿੜਕਾ ਬਹੁਤ ਔਖਾ ਹੋ ਜਾਂਦਾ ਹੈ। ਪਰ ਲਾਸ ਏਂਜਲਸ ਦੇ ਮਹਿੰਗੇ ਇਲਾਕੇ ਵਿੱਚ ਅੱਗ ਨੇ ਬਹੁਤ ਭਾਰੀ ਘਰਾਂ ਅਤੇ ਵਪਾਰਕ ਥਾਵਾਂ ਦਾ ਨੁਕਸਾਨ ਕੀਤਾ ਹੈ ਜੋ ਹਾਲੇ ਵੀ ਜਾਰੀ ਹੈ।ਲਾਸ ਏਂਜਲਸ ਖੇਤਰ, ਆਪਣੇ ਅੱਗ ਪ੍ਰਭਾਵਿਤ ਪਹਾੜੀ ਖੇਤਰਾਂ ਅਤੇ ਸ਼ਹਿਰੀ ਵਿਕਾਸ ਦੇ ਨਾਲ, ਖ਼ਾਸ ਤੌਰ ’ਤੇ ਖਤਰਨਾਕ ਬਣ ਗਿਆ ਹੈ। ਸਿਰਫ 2023 ਵਿੱਚ, ਕੈਲੀਫੋਰਨੀਆ ਨੇ 4,000 ਤੋਂ ਵੱਧ ਅੱਗਾਂ ਦਾ ਸਾਹਮਣਾ ਕੀਤਾ, ਜਿਸ ਨਾਲ ਹਜ਼ਾਰਾਂ ਘਰ ਨਸ਼ਟ ਹੋਏ ਅਤੇ ਅਰਬਾਂ ਡਾਲਰ ਦਾ ਨੁਕਸਾਨ ਹੋਇਆ। ਇਨ੍ਹਾਂ ਨੂੰ ਘਟਾਉਣ ਲਈ ਰਾਜ ਅਤੇ ਕੇਂਦਰੀ ਏਜੰਸੀਆਂ ਦੀਆਂ ਕਾਫ਼ੀ ਕੋਸ਼ਿਸ਼ਾਂ ਹੋ ਰਹੀਆਂ ਹਨ, ਪਰ ਟਾਊਨਸ਼ਿਪ ਦੀ ਦੁਬਾਰਾ ਰਚਨਾ ਦੀ ਲਾਗਤ ਨੇ ਬੀਮਾ ਕੰਪਨੀਆਂ ’ਤੇ ਭਾਰੀ ਦਬਾਅ ਪਾਇਆ ਹੈ।

**ਬੀਮਾ ਕੰਪਨੀਆਂ ਦੀ ਭੂਮਿਕਾ—**

ਬੀਮਾ ਕੰਪਨੀਆਂ ਆਰਥਿਕ ਖ਼ਤਰੇ(ਰਿਸਕ)ਨੂੰ ਮੈਨੇਜ ਅਤੇ ਘਟਾਉਣ ਲਈ ਤਿਆਰ ਕੀਤੀਆਂ ਗਈਆਂ ਹਨ। ਹਰ ਬੀਮਾ ਕੰਪਨੀ ਲਾਭ ਪ੍ਰਾਪਤ ਕਰਨ ਲਈ ਕਾਰੋਬਾਰ ਵਿੱਚ ਉਤਰਦੀ ਹੈ। ਉਹ ਕਿਸੇ ਵੀ ਜਾਇਦਾਦ ਦੀ ਕੀਮਤ ਨੂੰ ਅਧਾਰ ਬਣਾ ਕੇ ਕਿਸ਼ਤਾਂ (ਈਐਮਆਈ) ਵਸੂਲਦੀ ਹੈ। ਕੋਈ ਵੀ ਕਲੇਮ ਨਾ ਆਉਣ ਦੀ ਸੂਰਤ ਵਿੱਚ ਸਾਲ ਬਾਅਦ ਨੋ ਕਲੇਮ ਬੋਨਸ ਦੀ ਰਿਆਇਤ ਦੇ ਦਿੰਦੀ ਹੈ।ਜਦੋਂ ਕਿਸੇ ਜਾਇਦਾਦ ਦੇ ਬੀਮੇ ਦਾ ਜੋਖਮ ਬਹੁਤ ਵੱਧ ਹੋ ਜਾਂਦਾ ਹੈ, ਤਾਂ ਉਹ ਪ੍ਰੀਮੀਅਮ (ਕਿਸ਼ਤ) ਵਧਾ ਸਕਦੀਆਂ ਹਨ, ਸਖ਼ਤ ਨਿਯਮ ਲਾਗੂ ਕਰ ਸਕਦੀਆਂ ਹਨ ਜਾਂ ਪਾਲਿਸੀਆਂ ਰੱਦ ਕਰ ਸਕਦੀਆਂ ਹਨ, (ਜੇਕਰ ਪਾਲਿਸੀ ਸ਼ਰਤਾਂ ਵਿੱਚ ਇਹ ਨੁਕਤਾ ਲਿਖਿਆ ਹੋਵੇ)।ਅਜਿਹੇ ਖੇਤਰਾਂ ਜਿਵੇਂ ਕਿ ਲਾਸ ਏਂਜਲਸ ਵਿੱਚ, ਅੱਗ ਦੇ ਸਬੰਧਿਤ ਨੁਕਸਾਨਾਂ ਦੀ ਭਾਰੀ ਮਾਤਰਾ ਨੇ ਬੀਮਾ ਕੰਪਨੀਆਂ ਲਈ ਮੁਨਾਫ਼ੇ ਵਿੱਚ ਬਣੇ ਰਹਿਣ ਅਤੇ ਅੱਗੇ ਤੋਂ ਕਵਰੇਜ ਦੇਣ ਨੂੰ ਮੁਸ਼ਕਲ ਬਣਾ ਦਿੱਤਾ ਹੈ। ਕੈਲੀਫੋਰਨੀਆ ਕਾਨੂੰਨ ਬੀਮਾ ਕੰਪਨੀਆਂ ਨੂੰ ਮਜਬੂਰ ਕਰਦਾ ਹੈ ਕਿ ਉਹ ਸੰਭਾਵੀ ਦਾਵਿਆਂ ਨੂੰ ਕਵਰ ਕਰਨ ਲਈ ਪ੍ਰਾਪਤ ਰਾਖਵਾਂ ਫੰਡ ਰੱਖਣ। ਹਾਲਾਂਕਿ, ਅੱਗ ਦੇ ਜੋਖਮਾਂ ਦੀ ਵਧੀ ਹੋਈ ਲਾਗਤ ਨੇ ਪ੍ਰੀਮੀਅਮ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਰਕਮ ਨੂੰ ਪਾਰ ਕਰ ਦਿੱਤਾ ਹੈ, ਜਿਸ ਨਾਲ ਕਈ ਕੰਪਨੀਆਂ ਦੀ ਆਰਥਿਕ ਸਥਿਰਤਾ ਖ਼ਤਰੇ ਵਿੱਚ ਪਈ ਹੈ।ਇਸ ਦੇ ਨਤੀਜੇ ਵਜੋਂ, ਬੀਮਾਕਰਤਾਵਾਂ ਨੇ ਉੱਚ-ਜੋਖਮ ਵਾਲੇ ਖੇਤਰਾਂ ਵਿੱਚ ਆਪਣੀ ਕਵਰੇਜ ਦਾ ਪੁਨਰ-ਵਿਚਾਰ ਕੀਤਾ ਹੈ, ਜਿਸ ਨਾਲ ਘਰ ਦੇ ਮਾਲਕਾਂ ਲਈ ਪਾਲਿਸੀਆਂ ਦੀ ਵਿਆਪਕ ਰੱਦਗੀ (ਕੈਂਸਲੇਸ਼ਨ) ਹੋਈ ਹੈ।

**ਪਾਲਿਸੀਆਂ ਰੱਦ ਕਰਨ ਦੇ ਮੁੱਖ ਕਾਰਣ—**

ਪ੍ਰਾਈਵੇਟ ਬੀਮਾ ਕੰਪਨੀਆਂ ਦੁਆਰਾ ਅੱਗ-ਪ੍ਰਭਾਵਿਤ ਖੇਤਰਾਂ ਵਿੱਚ ਪਾਲਿਸੀਆਂ ਰੱਦ ਕਰਨ ਲਈ ਕਈ ਕਾਰਕ ਜ਼ਿੰਮੇਵਾਰ ਹਨ। ਬਿਨਾਂ ਬੀਮੇ ਦੇ, ਘਰ ਦੇ ਮਾਲਕਾਂ ਨੂੰ ਅੱਗ ਦੇ ਘਟਨਾ ਵਿੱਚ ਆਪਣੇ ਘਰ ਦੀ ਦੁਬਾਰਾ ਮੁਰੰਮਤ ਜਾਂ ਨਿਰਮਾਣ ਦੀ ਲਾਗਤ ਖੁਦ ਹੀ ਉਠਾਉਣੀ ਪੈਂਦੀ ਹੈ। ਇਹ ਬੋਝ ਕਈਆਂ ਲਈ ਅਸਹਿ ਹੈ, ਜੋ ਉਨ੍ਹਾਂ ਦੀ ਆਰਥਿਕ ਸਥਿਰਤਾ ਅਤੇ ਭਵਿੱਖ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ ਅਤੇ ਬਸ ਇਹੀ ਨਹੀਂ, ਬਿਨਾਂ ਬੀਮੇ ਦੇ ਘਰ ਵੇਚਣਾ ਜਾਂ ਗਿਰਵੀ ਲੈਣਾ ਵੀ ਕਾਫ਼ੀ ਮੁਸ਼ਕਲ ਬਣ ਜਾਂਦਾ ਹੈ। ਬਹੁਤ ਸਾਰੇ ਵਪਾਰਕ ਬੈਂਕ ਅਤੇ ਫਾਇਨੈਂਸਿੰਗ ਸਥਾਨ ਘਰੇਲੂ ਬੀਮੇ ਦੇ ਬਿਨਾਂ ਗਿਰਵੀ ਨੂੰ ਮਨਜ਼ੂਰੀ ਨਹੀਂ ਦਿੰਦੇ। ਇਸ ਦੇ ਕਾਰਨ ਅੱਗ-ਪ੍ਰਭਾਵਿਤ ਖੇਤਰਾਂ ਵਿੱਚ ਜਾਇਦਾਦਾਂ ਦੀਆਂ ਕੀਮਤਾਂ ਡਿੱਗ ਰਹੀਆਂ ਹਨ। ਕਿਰਾਏਦਾਰਾਂ ਲਈ ਵੀ, ਬੀਮਾ ਦੀ ਰੱਦਗੀ ਨਾਲ ਕਿਰਾਏ ਵਧ ਰਹੇ ਹਨ, ਕਿਉਂਕਿ ਮਕਾਨ ਮਾਲਕ ਆਪਣੇ ਵਧੇ ਹੋਏ ਖ਼ਰਚੇ ਜਾਂ ਜੋਖਮਾਂ ਨੂੰ ਕਿਰਾਏਦਾਰਾਂ ’ਤੇ ਟਰਾਂਸਫਰ ਕਰ ਰਹੇ ਹਨ। ਇਸ ਨਾਲ ਲਾਸ ਏਂਜਲਸ ਵਿੱਚ ਮੌਜੂਦਾ ਮਕਾਨ ਮਾਲਕਾਂ ( ਬਿਲਡਰ ਕੰਪਨੀਆਂ) ਅਤੇ ਕਿਰਾਏਦਾਰਾਂ ਨੂੰ ਰਿਹਾਇਸ਼ੀ ਸੰਕਟ ਵਿੱਚ ਹੋਰ ਡੂੰਘਾ ਸੁੱਟ ਦਿੱਤਾ ਹੈ। ਪਰ ਬੀਮਾ ਕੰਪਨੀਆਂ ਦਾ ਆਪਣੇ ਤੌਰ ਤੇ ਹੀ ਮਕਾਨ ਪਾਲਸੀਆਂ ਨੂੰ ਰੱਦ ਕਰਨਾ ਅਨੈਤਿਕ ਕਦਮ ਹੈ। ਆਖਿਰ ਕੋਈ ਵਿਅਕਤੀ ਬੀਮਾ ਕਰਵਾਉਂਦਾ ਹੀ ਕਿਉਂ ਹੈ? ਚਿੰਤਾ- ਮੁਕਤ ਹੋਣ ਲਈ, ਕਿ ਕਿਸੇ ਵੀ ਅਣਸੁਖਾਵੀਂ ਘਟਨਾ ਦਾ ਬੋਝ ਉਸਦੇ ਪਰਿਵਾਰ ਨੂੰ ਦਿਵਾਲੀਆ ਨਾ ਬਣਾ ਦੇਵੇ। ਕਿਸੇ ਵੀ ਜੋਖਮ ਨੂੰ ਆਂਕਣ ਦਾ ਜਿੰਮਾ ਬੀਮਾ ਕੰਪਨੀ ਦਾ ਹੈ।ਸਥਾਨਕ ਸਰਕਾਰ ਦੇ ਕਨੂੰਨ ਨੂੰ ਇਸ ਤਰਾਂ ਦੀ ਮਨਮਰਜ਼ੀ ਨਹੀਂ ਚੱਲਣ ਦੇਣੀ ਚਾਹੀਦੀ। ਕੰਪਨੀਆਂ ਸਟੇਟ ਜਾਂ ਫੈਡਰਲ ਸਰਕਾਰ ਤੋਂ ਆਪਣੇ ਵਿੱਤੀ ਹਾਲਾਤ ਦੱਸਕੇ ਮਦਦ ਲਵੇ। ਪਰ ਹਰ ਹਾਲਤ ਵਿੱਚ ਨਾਗਰਿਕਾਂ ਦੇ ਨਾਲ ਖੜੇ।

ਰੀਇੰਸ਼ੋਰੈਂਸ ਕੰਪਨੀਆਂ ਨੂੰ ਵੀ ਆਪਣੇ ਪ੍ਰੀਮੀਅਮ ਰਿਵਿਊ ਕਰਨ ਦੀ ਲੋੜ ਪੈ ਸਕਦੀ ਹੈ। ਕੈਲੇਫੋਰਨੀਆਂ ਦੇ ਗਵਰਨਰ ਗੈਵਨ ਨਿਊਸਮ ਨੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੂਬੇ ਦਾ ਦੌਰਾ ਕਰਨ ਦੀ ਬੇਨਤੀ ਕੀਤੀ ਹੈ ਤਾਂ ਕਿ ਲੋਕਾਂ ਦੇ ਜ਼ਖ਼ਮਾਂ ਉੱਤੇ ਮਲ੍ਹਮ ਲਾਈ ਜਾ ਸਕੇ। ਅੱਗ-ਪ੍ਰਭਾਵਿਤ ਖੇਤਰਾਂ ਵਿੱਚ ਬੀਮੇ ਦੀ ਰੱਦਗੀ ਨੇ ਨਿੱਜੀ ਉਦਯੋਗ ਅਤੇ ਜਨਤਕ ਸੁਰੱਖਿਆ ਦੇ ਵਿਚਕਾਰ ਵਧਦੇ ਤਣਾਅ ਨੂੰ ਉਜਾਗਰ ਕੀਤਾ ਹੈ। ਜਦੋਂ ਕਿ ਬੀਮਾ ਕੰਪਨੀਆਂ ਦੇ ਮਾਲਕਾਂ ਨੂੰ ਨਫ਼ਾ ਕਮਾਉਣ ਦੀ ਜ਼ਿੰਮੇਵਾਰੀ ਹੁੰਦੀ ਹੈ, ਉੱਚ-ਜੋਖਮ ਵਾਲੇ ਖੇਤਰਾਂ ਤੋਂ ਕਵਰੇਜ ਹਟਾਉਣਾ ਸਵਾਲ ਖੜ੍ਹੇ ਕਰਦਾ ਹੈ ਕਿ ਰਾਜ ਜਾਂ ਕੇਂਦਰ ਸਰਕਾਰ ਦੀ ਇਨ੍ਹਾਂ ਸੰਕਟਾਂ ਵਿੱਚ ਕੀ ਭੂਮਿਕਾ ਹੋਣੀ ਚਾਹੀਦੀ ਹੈ।

ਸੰਭਾਵੀ ਹਲ- ਇਸ ਮਸਲੇ ਨੂੰ ਹੱਲ ਕਰਨ ਲਈ ਬਹੁ-ਪੱਖੀ ਵਿਧੀਆਂ ਦੀ ਲੋੜ ਹੈ, ਜਿਹੜੀਆਂ ਬੀਮਾ ਕੰਪਨੀਆਂ, ਘਰੇਲੂ ਮਾਲਕਾਂ, ਅਤੇ ਸਮਾਜ ਦੇ ਵਿਆਪਕ ਹਿੱਸੇ ਦੀਆਂ ਲੋੜਾਂ ਨੂੰ ਸਾਰਿਆਂ ਦੇ ਭਲੇ ਲਈ ਸਮਝਦਾਰੀ ਨਾਲ ਸੰਤੁਲਿਤ ਕਰ ਸਕਣ। ਕੁਝ ਸੰਭਾਵੀ ਹੱਲ ਹੇਠਾਂ ਦਿੱਤੇ ਗਏ ਹਨ:

1- ਸਟੇਟ ਫੰਡਿਡ ਬੀਮਾ ਪ੍ਰੋਗਰਾਮ: ਕੈਲੀਫੋਰਨੀਆ ਦਾ "ਫੇਅਰ ਐਕਸੈਸ ਟੂ ਫਿਨਸ਼ੋਰੈਂਸ ਰਿਕੁਾਇਰਮੈਂਟਸ" (ਫਅਿਰ) ਯੋਜਨਾ ਉਨ੍ਹਾਂ ਮਾਲਕਾਂ ਲਈ ਆਖ਼ਰੀ ਵਿਕਲਪ ਵਜੋਂ ਕੰਮ ਕਰਦੀ ਹੈ, ਜਿਹਨਾਂ ਨੂੰ ਨਿੱਜੀ ਮਾਰਕੀਟ ਵਿੱਚ ਕਵਰੇਜ ਨਹੀਂ ਮਿਲਦਾ। ਇਸ ਯੋਜਨਾ ਨੂੰ ਵਧਾਉਣਾ ਅਤੇ ਵਾਧੂ ਫੰਡ ਪ੍ਰਦਾਨ ਕਰਨਾ ਯਕੀਨੀ ਬਣਾ ਸਕਦਾ ਹੈ ਕਿ ਸਾਰੇ ਨਿਵਾਸੀਆਂ ਨੂੰ ਘੱਟੋ-ਘੱਟ ਬੁਨਿਆਦੀ ਕਵਰੇਜ ਮਿਲੇ ।

2- ਜੋਖਮ ਘਟਾਉਣ ਲਈ ਪ੍ਰੇਰਣਾ: ਸਰਕਾਰ ਅਤੇ ਬੀਮਾ ਕੰਪਨੀਆਂ ਘਰੇਲੂ ਮਾਲਕਾਂ ਨੂੰ ਅੱਗ-ਰੋਕੂ ਉਪਕਰਣ ਲਾਗੂ ਕਰਨ ਲਈ ਪ੍ਰੇਰਿਤ ਕਰ ਸਕਦੀਆਂ ਹਨ, ਜਿਵੇਂ ਕਿ ਸੁੱਕੀ ਵਸਤਾਂ ਜਾਂ ਘਾਹ ਨੂੰ ਹਟਾਉਣਾ, ਅੱਗ-ਰੋਕੂ ਛੱਤਾਂ ਦੀ ਸਥਾਪਨਾ ਕਰਨਾ, ਅਤੇ ਘਰ ਦੇ ਆਲੇ-ਦੁਆਲੇ ਸੁਰੱਖਿਆ ਵਾਲੇ ਖਾਲੀ ਖੇਤਰ ਬਣਾਉਣਾ।

3- ਘਰਾਂ ਦੇ ਨਕਸ਼ੇ ਨੂੰ ਹਵਾ ਦੇ ਰੁਖ ਮੁਤਾਬਕ ਬਣਾਉਣਾ।

4- ਹਰੇ ਰੁੱਖਾਂ ਦਾ ਘੇਰਾ, ਅੱਗ ਨੂੰ ਅੱਗੇ ਵੱਧਣ ਤੋਂ ਰੋਕਣ ਦੀ ਰਫ਼ਤਾਰ ਨੂੰ ਘੱਟ ਕਰਨਾ। ਸਭ ਤੋਂ ਵੱਧ ਹੈਰਾਨੀ ਸਰਦੀਆਂ ਦੇ ਮੌਸਮ ਵਿੱਚ ਅੱਗ ਦੀਆਂ ਘਟਨਾਵਾਂ ਦਾ ਵਾਪਰਨਾ ਹੈ। ਇਸ ਦੀ ਗਹਿਰਾਈ ਨਾਲ ਛਾਣਬੀਣ ਹੋਣੀ ਚਾਹੀਦੀ ਹੈ।ਇਨ੍ਹਾਂ ਪ੍ਰਬੰਧਾਂ ਨਾਲ ਬੀਮੇ ਦੇ ਵਧੇ ਖ਼ਰਚਿਆਂ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

5- ਜਲਵਾਯੂ ਐਕਸ਼ਨ ਪਲਾਨ -ਇਸ ਚੇਤਾਵਨੀ ਦੇ ਮੂਲ ਕਾਰਣਾਂ ਨੂੰ ਹੱਲ ਕਰਨਾ, ਅੱਗ ਘਟਨਾਵਾਂ ਦੀ ਗਿਣਤੀ ਅਤੇ ਤੀਬਰਤਾ ਨੂੰ ਘਟਾਉਣ ਲਈ ਅਤਿ ਜ਼ਰੂਰੀ ਹੈ। ਇਸ ਵਿੱਚ ਨਵੀਂਕਰਨ ਯੋਗ ਊਰਜਾ ਵਿੱਚ ਨਿਵੇਸ਼, ਗ੍ਰੀਨਹਾਊਸ ਗੈਸਾਂ ਦੇ ਉਤਸਰਜਨ ਨੂੰ ਘਟਾਉਣਾ, ਅਤੇ ਸਥਿਰ ਲੈਂਡ ਯੂਜ਼ ਪ੍ਰੈਕਟਿਸਾਂ ਨੂੰ ਵਧਾਉਣਾ ਸ਼ਾਮਲ ਹੈ।

6- ਜੰਗਲ ਪ੍ਰਬੰਧਨ ਵਿੱਚ ਸੁਧਾਰ: ਜੰਗਲਾਂ ਦਾ ਸਹੀ ਪ੍ਰਬੰਧਨ, ਜਿਵੇਂ ਕਿ ਨਿਯੰਤ੍ਰਿਤ ਅੱਗ (ਛੋਨਟਰੋਲਲਇਦ ਬੁਰਨਸ) ਅਤੇ ਪੌਧਿਆਂ ਦੀ ਛੰਨਟ, ਅੱਗ ਨੂੰ ਫੈਲਣ ਤੋਂ ਰੋਕਣ ਲਈ ਬਹੁਤ ਮਹੱਤਵਪੂਰਨ ਹੈ

ਸਾਰਿਆਂ ਦੇ ਵਿਚਕਾਰ ਸਹਿਯੋਗ: ਸਰਕਾਰਾਂ, ਬੀਮਾ ਕੰਪਨੀਆਂ ਅਤੇ ਸਥਾਨਕ ਸਮੁਦਾਇਕਾਂ ਨੂੰ ਇੱਕਠੇ ਆਉਣ ਅਤੇ ਅਜਿਹੇ ਨਵੇਂ ਹੱਲ ਖੋਜਣ ਦੀ ਲੋੜ ਹੈ, ਜਿਹੜੇ ਜੋਖਮ ਪ੍ਰਬੰਧਨ ਅਤੇ ਸਸਤੀ ਅਤੇ ਸਹੀ ਬੀਮਾ ਕਵਰੇਜ ਦੀ ਲੋੜ ਨੂੰ ਸੰਤੁਲਿਤ ਕਰ ਸਕਣ।

**ਨਤੀਜਾ–**

ਲਾਸ ਏਂਜਲਸ ਨਿਵਾਸੀਆਂ ਲਈ ਬੀਮਾ ਪਾਲਿਸੀਆਂ ਦੀ ਰੱਦਗੀ, ਜਲਵਾਯੂ ਚੇਤਾਵਨੀ ਅਤੇ ਕੁਦਰਤੀ ਆਫ਼ਤਾਵਾਂ ਦੇ ਵਧਦੇ ਪ੍ਰਕੋਪ ਦੀ ਇੱਕ ਖੁਲ੍ਹੀ ਯਾਦ ਦਿੰਦੀ ਹੈ। ਜਦੋਂ ਕਿ ਬੀਮਾ ਕੰਪਨੀਆਂ ਲਈ ਆਰਥਿਕ ਟਿਕਾਊਪਣ ਦੀ ਲੋੜ ਜ਼ਰੂਰੀ ਹੈ, ਕਵਰੇਜ ਨੂੰ ਵਾਪਸ ਲੈਣਾ ਘਰ ਦੇ ਮਾਲਕਾਂ ਨੂੰ ਅਸੁਰੱਖਿਤ ਛੱਡ ਰਿਹਾ ਹੈ ਅਤੇ ਸਮਾਜਿਕ ਨਿਆਂ ਅਤੇ ਸਮਰੱਥ ਹੱਲਾਂ ਲਈ ਸਵਾਲ ਉਠਾ ਰਿਹਾ ਹੈ। ਅਣਸੰਭਵ ਨੁਕਸਾਨ ਅਨੁਪਾਤ-ਬੀਮਾ ਕੰਪਨੀਆਂ ਲਈ ਅੱਗ-ਪ੍ਰਭਾਵਿਤ ਖੇਤਰਾਂ ਵਿੱਚ ਨੁਕ-ਸਾਨ ਅਨੁਪਾਤ ਲਗਭਗ ਅਸੰਭਵ ਹੋ ਸਕਦੇ ਹਨ। ਉਦਾਹਰਣ ਵਜੋਂ, 2018 ਦੀ ਕੈਂਪ ਫਾਇਰ ਨੇ 16 ਬਿਲੀਅਨ ਡਾਲਰ ਤੋਂ ਵੱਧ ਦਾ ਬੀਮਾਕ੍ਰਿਤ ਨੁਕਸਾਨ ਕੀਤਾ, ਜਿਸ ਨਾਲ ਬੀਮਾ ਕੰਪਨੀਆਂ ਨੂੰ ਆਪਣੇ ਜੋਖਮ ਮਾਡਲਾਂ ਨੂੰ ਦੁਬਾਰਾ ਸੋਚਣ ਲਈ ਮਜਬੂਰ ਕੀਤਾ।

ਰੀਇੰਸ਼ੋਰੈਂਸ ਦੀ ਲਾਗਤ: ਰੀਇੰਸ਼ੋਰੈਂਸ, ਜੋ ਬੀਮਾ ਕੰਪਨੀਆਂ ਲਈ ਬੀਮਾ ਹੈ, ਉਹਨਾਂ ਨੂੰ ਵੱਡੇ ਆਪਾਤਕਲੀਨ ਸਥਿਤੀਆਂ ਦੇ ਜੋਖਮ ਨੂੰ ਸਾਂਝਾ ਕਰਨ ਦਿੰਦਾ ਹੈ। ਹਾਲਾਂਕਿ, ਜਿਵੇਂ ਕਿ ਅੱਗਾਂ ਜ਼ਿਆਦਾ ਤਬਾਹੀ ਵਾਲੀਆਂ ਹੋ ਰਹੀਆਂ ਹਨ, ਰੀਇੰਸ਼ੋਰੈਂਸ ਦੀ ਲਾਗਤ ਵੀ ਵਧ ਰਹੀ ਹੈ। ਇਸ ਵਾਧੂ ਖ਼ਰਚ ਨੇ ਬੀਮਾ ਕੰਪਨੀਆਂ ਦੀ ਸਮਰੱਥਾ ਨੂੰ ਹੋਰ ਘਟਾ ਦਿੱਤਾ ਹੈ।ਕੈਲੀਫੋਰਨੀਆ ਦੇ ਕਾਨੂੰਨ ਬੀਮਾ ਪ੍ਰੀਮੀਅਮ ਵਧਾਉਣ ਵਿੱਚ ਸੀਮਿਤ ਕਰਨ ਵਿੱਚ ਬਹੁਤ ਸਖ਼ਤ ਹਨ। ਹਾਲਾਂਕਿ ਇਹ ਨਿਯਮ ਗ੍ਰਾਹਕਾਂ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਇਸ ਨਾਲ ਬੀਮਾ ਕੰਪਨੀਆਂ ਲਈ ਜੋਖਮਾਂ ਦੀ ਅਸਲੀ ਲਾਗਤ ਨੂੰ ਦਰਸਾਉਣ ਵਾਲੇ ਦਰਾਂ ਵਿੱਚ ਸੋਧ ਕਰਨਾ ਮੁਸ਼ਕਲ ਬਣਦਾ ਹੈ।

ਜੋਖਮ ਵਿਸ਼ਲੇਸ਼ਣ ਟੈਕਨੋਲੋਜੀ ਜਿਵੇਂ ਸੈਟੇਲਾਈਟ ਇਮੇਜਿੰਗ ਅਤੇ ਏਆਈ ਮਾਡਲਿੰਗ ਵਰਗੀਆਂ ਜੋਖਮ ਅਨਾਲੀਸਿਸ ਟੂਲਾਂ ਦੀ ਕਾਢ ਨੇ ਬੀਮਾ ਕੰਪਨੀਆਂ ਨੂੰ ਉੱਚ-ਜੋਖਮ ਜਾਇਦਾਦਾਂ ਦੀ ਪਛਾਣ ਕਰਨ ਵਿੱਚ ਸਹਾਇਤਾ ਕੀਤੀ ਹੈ। ਕਾਨੂੰਨੀ ਅਤੇ ਆਰਥਿਕ ਦਬਾਅ ਅਧੀਨ ਬੀਮਾ ਕੰਪਨੀਆਂ ਨੂੰ ਅੱਗ ਦੇ ਨੁਕਸਾਨਾਂ ਨਾਲ ਜੁੜੇ ਮੁਕੱਦਮਿਆਂ ਅਤੇ ਹੋਰ ਕਾਨੂੰਨੀ ਚੁਣੌਤੀਆਂ ਦਾ ਸਾਹ-ਮਣਾ ਵੀ ਕਰਨਾ ਪੈਂਦਾ ਹੈ।

ਕੈਲੇਫੋਰਨੀਆਂ ਵਿੱਚ ਪੁਰਾਣੇ ਪੰਜਾਬੀ ਅਤੇ ਹੋਰ ਏਸ਼ੀਅਨ ਭਾਈਚਾਰਿਆਂ ਦੀ ਕਾਫੀ ਵੱਡੀ ਗਿਣਤੀ ਹੈ। ਆਸ ਕਰਦੇ ਹਾਂ ਕਿ ਸਰਕਾਰ, ਬੀਮਾ ਕੰਪਨੀਆਂ ਅਤੇ ਸਥਾਨਕ ਸੋਸ਼ਲ ਵਿਗਿਆਨੀ ਮਿਲਕੇ ਇਸ ਸਮੱਸਿਆ ਨੂੰ ਆਉਣ ਵਾਲੇ ਸਮੇਂ ਲਈ ਭਾਂਪਣਗੇ ਅਤੇ ਇੱਕ ਰਿਜ਼ਰਵ ਫੰਡ ਵੀ ਰੱਖਣਗੇ ਤਾਂ ਕਿ ਦੁਨੀਆਂ ਦੇ ਵਿਕਸਤ ਦੇਸ਼ ਵਿੱਚ ਨਿਹੱਥੇਪਨ ਦੀ ਤਸਵੀਰ ਨਜ਼ਰ ਨਾ ਆਏ। ਆਮੀਨ..



**ਕੇਵਲ ਸਿੰਘ ਰੱਤੜਾ**
8283830599

Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook

samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com